ਉਸ ਕਾਲ ਤੇ ਉਸ ਸਮੇਂ ਆਰੀਆ ਸੁਧਰਮਾਂ ਸਵਾਮੀ ਚੰਪਾ ਨਗਰੀ ਵਿਖੇ ਪਹੁੰਚੇ। ਜੰਬੂ ਸਵਾਮੀ ਨੇ ਉਨਾਂ ਦੀ ਉਪਾਸਨਾ ਕਰਦੇ ਹੋਏ ਇਸ ਪ੍ਰਕਾਰ ਪੁਛਿਆ, "ਹੇ ਭਗਵਾਨ! ਮੁਕਤੀ ਨੂੰ ਪ੍ਰਾਪਤ ਹੋਏ, ਸ਼੍ਰਮਣ ਭਗਵਾਨ ਮਹਾਵੀਰ ਨੇ ਛੇਵੇਂ ਅੰਗ ਸ੍ਰੀ ਗਿਆਤਾ ਧਰਮ (ਕਥਾਂਗ) ਦਾ ਜੋ ਭਾਵ ਫਰਮਾਇਆ ਹੈ, ਉਹ ਮੈਂ ਸੁਣ ਲਿਆ ਹੈ। ਹੇ ਭਗਵਾਨ! ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਂਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾ ਦਾ ਕੀ ਭਾਵ ਦਸਿਆ ਹੈ?" ਗਨਧਰ ਸੁਧਰਮਾਂ—

"ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾਂਗ ਦੇ ਦਸ ਅਧਐਨ ਫੁਰਮਾਏ ਹਨ ਉਹ ਇਸ ਪ੍ਰਕਾਰ ਹਨ (1) ਅਨੰਦ (2) ਕਾਮਦੇਵ (3) ਗਾਥਾਪਤੀ ਚੂਲਨੀਪਿਤਾ (4) ਸੁਰਾਦੇਵ (5) ਚੂਲਸ਼ਤਕ (6) ਗਾਥਾਪਤੀ ਕੁੰਡਕੋਲੀਕ (7) ਸਦਾਲਪੁਤਰ (8) ਮਹਾਂਸ਼ਤਕ (9) ਨੰਦਨੀਪਿਤਾ (10) ਸਾਲੀ ਪਿਤਾ।"

ਗਨਧਰ ਜੰਬੂ ਸਵਾਮੀ

"ਹੇ ਭਗਵਾਨ! ਜੇ ਸ਼੍ਰਮਣ ਭਗਵਾਨ ਮਹਾਵੀਰ ਨੇ ਸਤਵੇਂ ਅੰਗ ਉਪਾਸਕ ਦਸ਼ਾਂਗ ਦੇ ਦਸ ਅਧਿਐਨ ਫੁਰਮਾਏ ਹਨ ਤਾਂ ਪਹਿਲੇ ਅਧਿਐਨ ਦਾ ਕੀ ਭਾਵ ਫੁਰਮਾਇਆ ਹੈ?

ਆਰੀਆ ਸੁਧਰਮਾ—

"ਹੇ ਜੰਬੂ! ਉਸ ਕਾਲ, ਉਸ ਸਮੇਂ ਵਣਿਜ ਗਰਾਮ ਨਾਉਂ ਦਾ ਨਗਰ ਸੀ। ਹੋਰ

---

ਕਾਜਲੀ, ਸਿਰ ਦਾ ਵਿਚਕਾਰਲਾ ਹਿਸਾ, ਰਿਸ਼ਟਕ ਰਤਨ, ਜਾਮਨ, ਵੀਯਕ ਨਾਉਂ ਦੀ ਬਨਾਸਪਤੀ ਦੇ ਫੁੱਲ ਦੀ ਡੰਡੀ ਦੀ ਤਰ੍ਹਾਂ ਨੀਲ ਕਮਲ ਦੇ ਪਤੀਆਂ ਦੀ ਤਰ੍ਹਾਂ, ਅਲਸੀ ਦੇ ਫੁਲ ਦੀ ਤਰ੍ਹਾਂ ਚਮਕੀਲੀ ਸੀ।

ਮਰਕਤ, ਇੰਦਰ ਨੀਲ, ਮਣੀ, ਚਮੜੇ ਦੇ ਕਬਚ ਅੱਖਾਂ ਦੀ ਤਾਰ ਦੀ ਤਰ੍ਹਾਂ ਉਸਦਾ ਰੰਗ ਸੀ ਉਹ ਬਹੁਤ ਚੀਕਣੀ, ਅਠ ਕੋਣ ਵਾਲੀ, ਸੀਸ਼ੇ ਦੇ ਤਲੇ ਦੀ ਤਰ੍ਹਾਂ ਚਮਕੀਲੀ ਅਤੇ ਸੋਹਣੀ ਸੀ ਉਸਤੇ ਇਹਾਮਿਰਗ, ਬਲਦ, ਘੋੜਾ, ਮਨੁਖ, ਮਗਰਮਛ, ਪੰਛੀ, ਸਪ, ਕਿਨਰ, ਕੁਰੂ, ਅਸ਼ਟਾਪਦ, ਚਾਮਰ, ਹਾਥੀ, ਬਨ ਦੀ ਬੇਲ ਅਤੇ ਪਦਮ ਬੇਲਾਂ ਦੇ ਚਿਤਰ ਸਜੇ ਸਨ।

ਉਸ ਸ਼ਿਲਾ ਦੀ ਛੋਹ ਮਿਰਗਛਾਲਾ, ਰੂੰਈ ਦੇ ਬੂਰ ਮਖਣ ਤੇ ਅੱਕ ਦੀ ਰੂੰ ਦੀ ਤਰ੍ਹਾਂ ਕੋਮਲ ਸੀ ਸਿੰਘਾਸਨ ਦੀ ਤਰਾਂ ਜਿਸਦਾ ਆਕਾਰ ਸੀ ਇਹ ਸ਼ਿਲਾ ਮਨ ਨੂੰ ਖੁਸ਼ ਕਰਨ ਵਾਲੀ ਵੇਖਣ ਯੋਗ, ਸੋਹਣੀ ਤੇ ਅਭੁਲ ਸੀ।

ਨਗਰਾਂ ਦੀ ਤਰ੍ਹਾਂ ਇਸ ਦਾ ਵਰਨਣ ਵੀ (ਸ੍ਰੀ ਉਵਵਾਈ ਸੂਤਰ ਅਨੁਸਾਰ) ਸਮਝ ਲੈਣਾ ਚਾਹੀਦਾ ਹੈ, ਉਸ ਵਨਿਜਗਰਾਮ ਨਗਰ ਦੇ ਬਾਹਰ ਉਤਰ ਪੂਰਬ ਵਲ ਦੁਤੀਪਲਾਸ਼ ਨਾਉਂ ਦਾ ਚੇਤਯ ਸੀ। ਵਨਿਜਗਰਾਮ ਨਗਰ ਵਿਚ ਜਿੱਤਸਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ ਉਸਦਾ ਵਰਨਣ ਵੀ (ਸ੍ਰੀ ਉਵਵਾਈ ਸੂਤਰ ਦੇ ਕੌਣੀਕ ਰਾਜੇ ਦੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ) ਉਸ ਨਗਰ ਵਿਚ ਆਨੰਦ ਨਾਮਕ ਗਾਥਾਪਤੀ ਰਹਿੰਦਾ ਸੀ, ਉਹ ਧਨਵਾਨ ਤੇ ਭਰਪੂਰ ਸੀ ॥3॥

---

੧ ਸ੍ਰੀ ਉਵਵਾਈ ਸੂਤਰ ਅਨੁਸਾਰ ਮਹਾਰਾਜਾ ਕੌਣੀਕ ਦਾ ਵਰਨਣ ਇਸ ਪ੍ਰਕਾਰ ਹੈ।

ਉਸ ਚੰਪਾ ਨਾਓਂ ਦੀ ਨਗਰੀ ਵਿਚ ਕੌਣੀਕ (ਅਜਾਤਸ਼ਤਰੂ) ਨਾਂ ਦਾ ਰਾਜਾ ਰਾਜ ਕਰਦਾ ਸੀ, ਉਹ ਹਿਮਾਲਿਆ ਪਰਵਤ ਦੀ ਤਰ੍ਹਾਂ ਮਹਾਨ ਅਤੇ ਮਲਯ, ਮੇਰੂ, ਮਹੇਂਦਰ ਪਰਬਤ ਦੀ ਤਰ੍ਹਾਂ ਪ੍ਰਮੁਖ ਸੀ ਉਹ ਵੰਸ ਲੰਬੇ ਸਮੇਂ ਤੋਂ ਰਾਜ ਕਰਦਾ ਆ ਰਿਹਾ ਸੀ ਅਜਿਹੇ ਵੰਸ਼ ਵਿਚ ਹੀ ਉਸਦਾ ਜਨਮ ਹੋਇਆ ਸੀ। ਉਸਦੇ ਸਰੀਰਕ ਅੰਗ ਰਾਜਿਆਂ ਵਾਲੇ ਸਨ, ਬਹੁਤ ਸਾਰੇ ਲੋਕ ਉਸਦੀ ਇੱਜਤ ਕਰਦੇ ਸਨ, ਪੂਜਾ ਕਰਦੇ ਸਨ, ਉਹ ਸਰਵ ਗੁਣ ਸੰਪੰਨ ਸੀ, ਪਰਜਾ ਨੂੰ ਹਮਲੇ ਤੋਂ ਬਚਾਉਂਦਾ ਸੀ, ਉਹ ਖੁਸ਼ ਰਹਿੰਦਾ ਸੀ।

ਉਹ ਵਿਧਾਨਿਕ ਰੂਪ ਵਿਚ ਰਾਜਾ ਮੰਨਿਆ ਜਾਂਦਾ ਸੀ, ਆਪਣੇ ਮਾਂ ਪਿਓ ਦਾ ਯੋਗ ਪੁੱਤਰ ਸੀ, ਉਹ ਵਿਨੇਵਾਨ ਵੀ ਸੀ, ਉਸ ਵਿਚ ਰਹਿਮਦਿਲੀ ਸੀ। ਉਹ ਮਰਿਆਦਾ ਬਨਾਉਣ ਵਾਲਾ ਬਨਾਈ ਮਰਿਆਦਾ ਦਾ ਪਾਲਣ ਕਰਨ ਵਾਲਾ ਅਮਨ ਚੈਨ ਵਾਲੇ ਹਾਲਤ ਰਖਣ ਵਾਲਾ ਅਤੇ ਅਮਨ ਚੈਣ ਸਥਿਰ ਰਖਣ ਵਾਲਾ ਸੀ ਸੰਪਤੀ ਕਾਰਨ ਉਹ ਮਨੁਖਾਂ ਵਿਚ ਇੰਦਰ ਦੀ ਤਰਾਂ ਮੰਨਿਆ ਜਾਂਦਾ ਸੀ, ਜਨਤਾ ਦੀਆਂ ਇੱਛਾਵਾਂ ਦਾ ਆਦਰ ਕਰਨ ਕਰਕੇ ਉਹ ਪਰਜਾ ਦਾ ਪਿਤਾ, ਰਖਿਅਕ ਹੋਣ ਕਾਰਣ ਪਾਲਕ, ਸ਼ਾਂਤੀ ਸਥਾਪਿਤ ਕਰਨ ਦੇ ਕਾਰਣ ਦੇਸ਼ ਦਾ ਪੁਰੋਹਿਤ, ਮਾਰਗ ਦਰਸ਼ਕ, ਚੰਗੇ ਕੰਮ ਕਰਨ ਕਰਕੇ ਅਤੇ ਚੰਗੇ ਮਨੁਖਾਂ ਦਾ ਰਖਿਅਕ ਮੰਨਿਆ ਜਾਂਦਾ ਸੀ। ਉਹ ਪੁਰਸ਼ਾਂ ਵਿਚ ਸਰੇਸ਼ਟ, ਪੁਰਸ਼ਾਂ ਵਿਚ ਸ਼ੇਰ, ਪੁਰਸ਼ਾਂ ਵਿਚ ਬਘਿਆੜ, ਪੁਰਸ਼ਾਂ ਵਿਚ ਆਸ਼ੀਵਿਸ਼, ਸੱਪ, ਪੁਰਸ਼ਾਂ ਵਿਚ ਸਫੈਦ ਕਮਲ ਅਤੇ ਪੁਰਸ਼ਾਂ ਵਿਚ ਗੰਧ ਹਾਥੀ ਦੀ ਤਰਾਂ ਮੰਨਿਆ ਜਾਂਦਾ ਸੀ। ਉਹ ਖੁਸ਼ਹਾਲ ਤੇ ਪ੍ਰਸਿਧ ਸੀ। ਉਸਦੇ ਅਨੇਕਾਂ ਵਿਸ਼ਾਲ ਭਵਨ ਸਨ, ਬੈਠਣ ਯੋਗ ਆਸਨ, ਯਾਨ (ਰਥ ਪਾਲਕੀ) ਅਤੇ ਵਾਹਨ (ਘੋੜੇ ਆਦਿ) ਸਨ ਉਸ ਪਾਸ ਬਹੁਤ ਸਾਰਾ ਧਨ, ਸੋਨਾ ਤੇ ਚਾਂਦੀ ਸੀ ਉਹ ਅਨੇਕਾਂ ਢੰਗਾਂ ਨਾਲ ਪੈਸੇ ਇੱਕਠੇ ਕਰਦਾ ਸੀ ਉਸਦੇ ਮਹਿਲਾਂ ਵਿਚ ਅਨੇਕਾਂ ਮਨੁੱਖਾਂ ਦੇ ਖਾਣ ਦਾ ਬਕਾਇਆ ਖਾਣਾ ਜੂਠ ਰੂਪ ਵਿਚ ਸੁਟਿਆ ਜਾਂਦਾ ਸੀ ਉਸਦੇ ਅਨੇਕਾਂ ਦਾਸ, ਦਾਸੀਆਂ ਸਨ ਅਨੇਕਾਂ ਗਾਵਾਂ ਮੱਝਾਂ ਤੇ ਭੇਡਾਂ ਸਨ ਉਸ ਪਾਸ ਹਰ ਪ੍ਰਕਾਰ ਦੇ ਯੰਤਰ

ਆਨੰਦ ਗਾਥਾਪਤਿ ਦੇ 4 ਕਰੋੜ ਸੋਨੇ ਦੀਆਂ ਮੋਹਰਾਂ ਦਾ ਜਮਾਂ ਖਜਾਨਾ ਸੀ 4 ਕਰੋੜ ਸੋਨੇ ਦੀਆਂ ਮੋਹਰਾਂ ਦਾ ਵਿਉਪਾਰ ਚਲ ਰਿਹਾ ਸੀ 4 ਕਰੋੜ ਘਰ ਅਤੇ ਘਰ ਸੰਬੰਧੀ ਸਮਾਨ ਵਿਚ ਲਗਿਆ ਹੋਇਆ ਸਨ, ਇਸ ਤੋਂ ਇਲਾਵਾ ਉਸ ਪਾਸ 10-10 ਹਜਾਰ ਗਊਆਂ ਦੇ 4 ਬ੍ਰਿਜ ਸਨ।4।

ਸ਼ਹਿਰ ਦੇ ਰਾਜਾ, ਸੈਨਾਪਤੀ, ਸਾਰਥਵਾਹ (ਵਿਉਪਾਰੀ) ਅਤੇ ਹੋਰ ਮਸ਼ਹੂਰ ਆਦਮੀ ਆਨੰਦ ਤੋਂ ਹਰ ਗੱਲ ਵਿਚ ਸਲਾਹ ਮਸ਼ਵਰਾ ਲੈਂਦੇ ਸਨ, ਭਿੰਨ ਭਿੰਨ ਕੰਮਾਂ, ਯੋਜਨਾਵਾਂ, ਵਾਰਤਾਵਾਂ ਪਰਿਵਾਰਿਕ ਮਾਮਲਿਆ ਕਲੰਕਾਂ ਜਾਂ ਕਸੂਰਾਂ ਵਾਰੇ ਗੁਪਤ ਗੱਲਾਂ, ਕਈ ਪ੍ਰਕਾਰ ਦੇ ਗੁਪਤ ਭੇਦਾਂ, ਫੈਸਲਿਆਂ, ਇਰਾਦਿਆਂ ਅਤੇ ਲੈਣ ਦੇਣ ਸੰਬੰਧੀ ਉਸ ਦੀ ਕੀਮਤ ਰਾਏ ਨੂੰ ਮਹਤੱਵਪੂਰਨ ਸਮਝਦੇ ਸਨ, ਉਹ ਆਪਣੇ ਪਰਿਵਾਰ ਦਾ ਖੰਭੇ ਦੀ ਤਰਾਂ ਸਹਾਰਾ ਸੀ ਅਤੇ ਅੱਖਾਂ ਦੀ ਤਰਾਂ ਰਾਹ ਵਿਖਾਉਣ ਵਾਲਾ ਸੀ, ਉਹ ਸਭ ਕੰਮਾਂ ਦਾ ਪ੍ਰੇਰਕ ਵੀ ਸੀ ॥5॥

ਆਨੰਦ ਗਾਥਾਪਤੀ ਦੀ ਸਿਵਾਨੰਦਾਂ ਨਾਉਂ ਦੀ ਪਤਨੀ ਸੀ ਉਹ ਹਰ ਪੱਖੋਂ ਸੋਹਣੀ ਸੀ, ਆਨੰਦ ਨੂੰ ਵੀ ਉਹ ਬਹੁਤ ਪਿਆਰੀ ਲਗਦੀ ਸੀ. ਉਹ ਉਸ(ਆਨੰਦ)ਪ੍ਰਤਿ ਅਨੁਰਕਤ ਅਤੇ ਸਵਿਰਕਤ ਸੀ । ਉਸ (ਆਨੰਦ) ਨਾਲ ਆਪਣੀ ਇੱਛਾ ਅਨੁਸਾਰ, ਸੂਰ ਰੂਪੀ ਪੰਜ ਪ੍ਰਕਾਰ ਦੇ ਮਨੁੱਖ ਜਨਮ ਸੰਬੰਧੀ ਕਾਮ ਭੋਗਾਂ ਦਾ ਸੇਵਨ ਕਰਦੀ ਹੋਈ ਜਿੰਦਗੀ ਗੁਜਾਰ ਰਹੀ ਸੀ।6।

ਵਾਨਿਜ ਗ੍ਰਾਮ ਦੇ ਬਾਹਰ ਉੱਤਰ ਪੂਰਬ ਵਲ ਕੋਲਾਕ ਸ਼ਨੀਵੇਸ ਨਾਂ ਦੀ ਇਕ ਬਸਤੀ ਸੀ ਉਹ ਰਿਧੀ (ਅਨਾਜ ਆਦਿ ਨਾਲ ਭਰਪੂਰ) ਚੋਰਾਂ ਡਾਕੂਆਂ ਤੋਂ ਰਹਿਤ, ਮਨੋਹਰ, ਵੇਖਣਯੋਗ, ਸ਼ੋਭਾ ਭਰਪੂਰ ਸੀ।7।

---

(ਚੱਕੀ, ਕੋਹਲੂ ਘਲਾੜੀ ਆਦਿ) ਖਜਾਨਾ ਅਨਾਜ ਦੇ ਕੋਠੇ ਅਤੇ ਹਥਿਆਰ ਸਨ । ਉਸਨੇ ਆਪਣੇ ਕੋਲ ਸ਼ਕਤੀਸ਼ਾਲੀ ਅਧੀਨ ਬਨਾ ਲਿਆ ਸੀ, ਉਸਨੇ ਗੋਤ ਵਿਚ ਉਤਪੰਨ ਵਿਰੋਧੀਆਂ ਦਾ ਵਿਨਾਸ਼ ਕਰ ਦਿਤਾ ਸੀ, ਉਨ੍ਹਾਂ ਦਾ ਧੰਨ ਖੋਹ ਲਿਆ ਸੀ, ਉਨ੍ਹਾਂ ਦਾ ਮਾਨ ਭੰਗ ਕਰ ਦਿਤਾ ਸੀ, ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕਰ ਦਿਤਾ ਸੀ, ਉਸ ਦਾ ਕੋਈ ਵੀ ਗੋਤਰ ਵਾਲਾ ਬਾਕੀ ਨਹੀਂ ਰਿਹਾ ਸੀ ਇਸ ਤਰਾਂ ਸ਼ਤਰੂਆਂ ਦਾ ਨਾਸ਼ ਕਰ ਦਿਤਾ ਸੀ, ਧਨ ਖੋਹਲਿਆ ਸੀ, ਆਪਣੇ ਅਧੀਨ ਕਰ ਲਿਆ ਸੀ ਅਤੇ ਫਿਰ ਸਿਰ ਨਾ ਚੁਕ ਸਕਨ, ਅਜਿਹੀ ਹਾਲਤ ਵਿਚ ਪਹੁੰਚਾ ਦਿਤਾ ਸੀ ਇਸ ਪ੍ਰਕਾਰ ਉਹ ਅਕਾਲ, ਬੀਮਾਰੀ ਅਤੇ ਡਰ ਤੋਂ ਮੁਕਤ ਝਗੜਿਆਂ ਤੋਂ ਰਹਿਤ, ਦਿਆਲੂ ਅਤੇ ਵਿਘਨ ਰਹਿਤ ਰਾਜ ਕਰਦਾ ਸੀ ।

---

(ਪਾਠ ਨੰ: 4 ਤੋਂ 8 ਤਕ ਦੀ ਟਿੱਪਣੀ)

2: ਗਾਥਾ ਪਤਿ ਦਾ ਅਰਥ ਇਸ ਪ੍ਰਕਾਰ ਹੈ

ਧਨ, ਅਨਾਜ ਅਤੇ ਅਮੀਰ ਹੋਣ ਕਾਰਣ ਹੋਣ ਵਾਲੀ ਪ੍ਰਸੰਸਾ ਨੂੰ ਗਾਥਾ ਆਖਦੇ ਹਨ

ਉਸ ਕੋਲਾਕ ਸੰਨੀਵੇਸ ਵਿਚ ਆਨੰਦ ਗਾਥਾਪਤਿ ਦੇ ਬਹੁਤ ਸੰਸਾਰੀ ਮਿਤਰ, ਜਾਤ ਬਰਾਦਰੀ ਦੇ ਪੱਖੋਂ ਭਰਾ, ਆਪਣੇ ਪਰਿਵਾਰ ਦੇ ਰਿਸ਼ਤੇਦਾਰ ਅਤੇ ਹੋਰ ਲੋਕ (ਪਰਿਜਨ) ਰਹਿੰਦੇ ਸਨ ਉਹ ਵੀ ਖੁਸ਼ਹਾਲ ਅਤੇ ਭਰਪੂਰ ਸਨ ।8।

---

ਇਨ੍ਹਾਂ ਦੇ ਸਵਾਮੀ ਨੂੰ ਗਾਥਾਪਤੀ ਆਖਦੇ ਹਨ ।

1. ਬ੍ਰਿਜ ਗਊਆਂ ਦਾ ਸੰਖਿਆ ਮਾਪਣ ਦਾ ਪ੍ਰਾਚੀਨ ਪੈਮਾਨਾ ਹੈ ਇਕ ਬ੍ਰਿਜ 10, 000 ਗਾਵਾਂ ਦਾ ਹੁੰਦਾ ਹੈ ।

2. ਇਥੇ ਮੇਡੀ (ਮੇੜੀ) ਤੋਂ ਭਾਵ ਇਹ ਲਕੜੀ ਦਾ ਡੰਡਾ ਹੈ ਜਿਸਦੇ ਆਲੇ ਦੁਆਲੇ ਕਣਕ ਦੀ ਫਸਲ ਗਾਹੁੰਦੇ ਪਸ਼ੂ ਘੁੰਮਦੇ ਹਨ ।

मेधिः—व्रीहि-यव-गोधूमादिमर्दनाथ खले स्थापितो दार्वादिमयः पशुबन्धनस्तम्भः । यत्र पंक्तिशो बद्धा बलीवर्दादयो व्रीह्यदिमर्दनाय परितो भ्राम्यान्ति तत्सादृश्यादयमपि मेधिः ।

3. ਇਥੇ ਆਨੰਦ ਦੀ ਪਤਨੀ ਦੀ ਸੁੰਦਰਤਾ ਅਤੇ ਮਨ ਮਰਜੀ ਅਨੁਸਾਰ ਸ਼ਬਦ, ਰੂਪ, ਰਸ ਗੰਧ ਅਤੇ ਸਪਰਸ਼ ਸੰਬੰਧੀ ਇੰਦਰੀਆਂ ਸੁਖਾਂ ਦਾ ਵਰਨਣ ਹੈ ਇਥੇ ਦੋ ਸ਼ਬਦ ਅਨੁਰਕਤਾ ਅਤੇ ਅਵਿਰਕਤਾ ਕਾਫੀ ਮਹਤਵਪੂਰਨ ਹਨ ਅਨੁਰਕਤਾ ਦੀ ਵਿਆਖਿਆ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤੀ ਹੈ

घर कम्म वावडा जा सव्वसिणेहप्पवड्ढणी दक्खा । छाया विव भत्तणुगा, अणुरत्ता, सा समक्खाया

(1) ਜੋ ਇਸਤਰੀ ਘਰ ਦੇ ਕੰਮਕਾਜ ਵਿਚ ਲਗੀ ਰਹਿੰਦੀ ਹੈ (2) ਸਭ ਨਾਲ ਪਿਆਰ ਵਧਾਉਣ ਵਾਲੀ ਅਤੇ ਚਤੁਰ ਹੈ (3) ਪਰਛਾਵੇਂ ਦੀ ਤਰਾਂ ਪਤੀ ਦੇ ਪਿਛੇ ਚਲਦੀ ਹੈ ਉਹ ਅਨੁਕਰਤਾ ਹੈ ।

पडिऊले वि य भत्तरि किंचिवि रुट्ठाणं जा हवई । जाउ भिउ भासिणी य णिच्चं सा अविरत्तत्ति णिदिट्ठा ।

(1) ਜੋ ਪਤੀ ਦੇ ਗੁਸੇ ਹੋਣ ਤੇ ਵੀ ਗੁਸਾ ਨਹੀਂ ਕਰਦੀ (2) ਹਮੇਸ਼ਾ ਮਿਠਾ ਬੋਲਦੀ ਹੈ ਉਹ ਅਵਿਰਕਤਾ ਆਖੀ ਜਾਂਦੀ ਹੈ ।

(4) ਸੰਨੀਵੇਸ ਦਾ ਅਰਥ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤਾ ਹੈ

सन्निविन्ति जना यस्मिन् स ग्रामोविशेष।

ਉਸ ਕਾਲ, ਉਸ ਸਮੇਂ ਵਿਚ ਭਗਵਾਨ ਮਹਾਵੀਰ ਉਸੇ ਥਾਂ ਪਧਾਰੇ, ਸਮੋਸਰਨ ਲਗਿਆ। ਪਰਿਸ਼ਧ ਨਮਸਕਾਰ ਕਰਨ ਆਈ। ਰਾਜਾ ਕੋਣਿਕ ਦੀ ਤਰਾਂ ਜਿਤਸ਼ਤਰੂ ਰਾਜਾ ਆਪਣੀ ਸ਼ਾਹੀ ਠਾਠ ਨਾਲ ਨਮਸ਼ਕਾਰ ਕਰਨ ਲਈ ਭਗਵਾਨ ਦੇ ਚਰਨਾਂ ਵਿਚ ਹਾਜਰ ਹੋਇਆ।9।

ਪਾਠ 9 ਦੀ ਟਿੱਪਣੀ।

(1) ਸਮੋਸਰਨ ਇਕ ਬਹੁਤ ਹੀ ਮਹੱਤਵ ਪੂਰਨ ਸ਼ਬਦ ਹੈ। ਇਸਦੀ ਵਿਆਖਿਆ ਵਿਸਥਾਰ ਨਾਲ ਕੀਤੀ ਗਈ ਹੈ, ਇਹ ਉਹ ਥਾਂ ਹੈ ਜਿਸ ਥਾਂ ਤੇ ਬੈਠ ਕੇ ਤੀਰਥੰਕਰ ਭਗਵਾਨ ਉਪਦੇਸ਼ ਕਰਦੇ ਹਨ, ਇਸ ਥਾਂ ਦੀ ਰਚਨਾਂ ਦੇਵਤੇ ਕਰਦੇ ਹਨ ਇਹ ਉਹ ਥਾਂ ਹੈ ਜਿਥੇ ਹਰ ਉੱਚ ਨੀਚ, ਇਸਤਰੀ, ਪੁਰਸ਼ ਇਥੋਂ ਤਕ ਪਸ਼ੂ ਵੀ ਆਪਣੀ ਆਪਣੀ ਭਾਸ਼ਾ ਵਿਚ ਭਗਵਾਨ ਦਾ ਉਪਦੇਸ਼ ਸੁਣ ਸਕਦਾ ਹੈ ਭਗਵਾਨ ਤੋਂ ਪ੍ਰਸ਼ਨ ਪੁਛ ਸਕਦਾ ਹੈ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ ਇਹ ਸਮੋਸਰਨ ਸੁਤੰਤਰਤਾ ਸਮਾਨਤਾ, ਮਨੁੱਖੀ ਆਜਾਦੀ ਦਾ ਪੁਰਾਤਨ ਪਰੰਪਰਾ ਹੈ। ੧ ਪਰਿਸ਼ਧ ਤੋਂ ਭਾਵ ਹੈ ਜਿਸ ਥਾਂ ਤੇ ਬੈਠ ਕੇ ਲੋਕ ਵਿਚਾਰ ਵਟਾਂਦਰਾ ਕਰਨ।

(2) परिषद (ਪਰਿਸ਼ਧ) ਇਹ ਤਿੰਨ ਪ੍ਰਕਾਰ ਦੀ ਹੈ परिसर्वतोभावेन सीदन्ति-उपविशान्ति-गच्छन्ति वा जना यस्यां सा परिषत सभा (1) ਗਿਆ ਪਰਿਸ਼ਧ (ज्ञपरिषध) ਨਿਪੁਨ, ਬੁਧਿਮਾਨਾਂ, ਵਿਚਾਰਕਾਂ, ਗੁਣ ਦੋਸ਼ ਨੂੰ ਜਾਣਨ ਵਾਲੇ ਅਤੇ ਵਿਵੇਕੀਆਂ ਦੀ ਸਭਾ।

ਅਗਿਆ ਪਰਿਸ਼ਧ (अज्ञा परिषध) (ਅਗਿਆਨੀਆਂ, ਪਰ ਬਿਨੇਵਾਨ ਅਤੇ ਸਿਖਿਆ ਨੂੰ ਮਨੰਣ ਵਾਲਿਆਂ ਦੀ ਸਭਾ

ਦੁਵਿਰਦਰਧਾ ਪਰਿਸ਼ਧ (दुर्विदग्धा परिषध)—ਝੂਠੇ ਹੰਕਾਰੀਆਂ, ਸਚੇ ਧਰਮ ਨੂੰ ਨਾ ਮੰਨਣ ਵਾਲਿਆਂ, ਹਠੀਆਂ ਦੀ ਸਭਾ

---

ਜਿਥੇ ਲੋਕ ਠਹਿਰਦੇ ਹੋਣ ਭਾਵ ਪੜਾਵ ਰਖਦੇ ਹੋਣ ਉਹ ਥਾਂ ਸਨੀਵੇਸ ਹੈ।

(2) ਚੰਗੇ ਮਿਤੱਰ ਦੇ ਲਛੱਣ ਇਸ ਪ੍ਰਕਾਰ ਹਨ।

मियं सयेगरूव, हियमुवदिसई, पियं, च वितणोइ
तुल्लयार बियारी, सज्जाई वग्गो य सम्मया णाई
माया पिऊ तुजाई, णियगो, सयणो पितव्व भायाई
सबंधी ससुराई, दासाई परिजणो णेंओ

ਮਿਤਰ ਉਹ ਹੈ ਜੋ ਸਦਾ ਭਲੇ ਦੀ ਗਲ ਆਖਦਾ ਹੈ, ਸਦਾ ਭਲਾ ਹੀ ਕਰਦਾ ਹੈ।

ਸਮਾਨ ਆਚਾਰ ਵਿਚਾਰ ਵਾਲੇ ਆਪਣੇ ਜਾਤ ਵਾਲੇ ਅਖਵਾਂਦੇ ਹਨ। ਮਾਤਾ ਪਿਤਾ ਪੁੱਤਰ

ਆਦਿ, ਆਪਣੇ ਅਖ਼ਵਾਉਂਦੇ ਹਨ ਸਾਊਰੇ ਪੱਖੋਂ ਲੋਕ ਪਰਿਜਨ (ਹਰ ਲੋਕ) ਅਖਵਾਉਂਦੇ ਹਨ।

ਸ੍ਰੀ ਉਵਵਾਈ ਸੂਤਰ ਵਿਚ ਕੋਣਿਕ ਰਾਜਾ ਇਸ ਪ੍ਰਕਾਰ ਭਗਵਾਨ ਮਹਾਂਵੀਰ ਨੂੰ ਨਮਸਕਾਰ ਕਰਨ ਗਿਆ ਸੀ।

## ਮਹਾਰਾਜ ਕੋਣਿਕ

''ਤਦ ਕੋਣਿਕ ਰਾਜਾ ਹਾਰ ਸ਼ਿੰਗਾਰ ਅਤੇ ਨਗਰ ਨੂੰ ਸਜਾ ਕੇ ਆਪ ਅੰਜਨਗਿਰੀ (ਸਰਮੇ ਦੇ ਪਹਾੜ ਦੀ ਤਰਾਂ) ਹਾਥੀ ਤੇ ਇਸ ਪ੍ਰਕਾਰ ਸਵਾਰ ਹੋਇਆ ਜਿਵੇਂ ਹਾਥੀਆਂ ਦੇ ਰਾਜੇ ਤੇ ਮਨੁਖਾਂ ਦਾ ਰਾਜਾ ਅਸਵਾਰ ਹੋਵੇ।

ਉਸ ਬਿੰਬਸਾਰ ਦੇ ਪੁੱਤਰ ਕੋਣਿਕ ਦੇ ਸਿੰਗਾਰੇ ਹਾਥੀ ਤੇ ਸਵਾਰ ਹੋਣ ਤੋਂ ਸਭ ਤੋਂ ਪਹਿਲਾਂ ਅਠ ਮੰਗਲ (ਸੁਭਚਿੰਤਕ) ਰਵਾਨਾ ਹੋਏ।

ਜੋ ਇਸ ਪ੍ਰਕਾਰ ਹਨ (1) ਸਵਾਸਤਿਕ (2) ਸ੍ਰੀ ਬਤਸ (3) ਨੰਦਾਵਰਤ (4) ਵਰਧਮਾਨਕ (5) ਭਦੱਰਾਸਨ (6) ਕਲਸ (7) ਮੱਛੀ (8) ਵਰਤਨ।

ਇਸ ਤੋਂ ਬਾਅਦ ਪਾਣੀ ਨਾਲ ਭਰੇ ਕਲਸ, ਝਾਲਰਾਂ ਅਤੇ ਛਤਰ, ਝੰਡੀਆਂ, ਚਾਮਰਾਂ ਨਾਲ ਭਰਪੂਰ, ਹਵਾ ਵਿਚ ਲਹਿਰ ਦੀ ਜਿੱਤ ਦੀ ਪ੍ਰਤੀਕ ਵਿਜ਼ਯੰਤੀ ਨਾਓਂ ਦੀ ਛੋਟੀ ਝੰਡੀਆਂ ਨਾਲ ਉਪਰ ਉਠੀ ਹੋਈ ਧੱਵਜਾ ਸੀ ਜੋ ਅਸਮਾਨ ਨਾਲ ਗੱਲਾਂ ਕਰਦੀ ਵਧ ਰਹੀ ਸੀ।

ਉਸ ਤੋਂ ਬਾਅਦ ਬੇਡੂਰੀਆਂ ਲਹੂਸਨੀਆਂ ਦੀ ਚਮਕ ਵਾਲਾ, ਕੋਰਟ ਦੇ ਫੁੱਲਾਂ ਦੇ ਰਾਹਾਂ ਨਾਲ ਸਜਿਆ, ਚੰਦਰ ਮੰਡਲ ਦੀ ਤਰਾਂ ਉੱਚਾ ਸਿੰਘਾਸਨ ਅਤੇ ਮਨੀਰਤਨਾਂ ਵਾਲੀ ਚੌਕੀ ਸੀ ਜਿਸ ਉਪਰ ਰਾਜੇ ਦੀਆਂ ਖੜਾਵਾਂ ਸਨ ਉਹ ਸਭ ਅਨੇਕਾਂ ਪੈਦਲ ਸਿਪਾਹੀਆਂ ਦੇ ਘੇਰੇ ਨਾਲ ਅੱਗੇ ਵਧ ਰਿਹਾ ਸੀ।

ਇਸ ਤੋਂ ਬਾਅਦ ਲਾਠੀਆਂ ਵਾਲੇ, ਭਲਿਆਂ ਵਾਲੇ, ਧਨੁੱਸ਼ਧਾਰੀ, ਚਮਰਧਾਰੀ, ਜੂਣੇ ਦੀ ਸਾਮਗਰੀ ਵਾਲੇ, ਪੁਸਤਕ ਲਿਖਣ ਵਾਲੇ, ਚੌਕੀਆਂ ਵਾਲੇ, ਆਸਨਾਂ ਵਾਲੇ, ਵੀਣਾ ਧਾਰਨ ਕਰਨ ਵਾਲੇ, ਸੁਗੰਧਿਤ ਤੇਲਾਂ ਦਾ ਧਾਰਨ ਕਰਨ ਵਾਲੇ, ਸੁਗੰਧਿਤ ਪਾਨ ਲਾਉਣ ਵਾਲੇ ਆਪਣੇ ਸਮਾਨ ਲੈਕੇ ਚਲ ਰਹੇ ਸਨ।

ਬਹੁਤ ਸਾਰ ਦੰਡੀ, ਮੁੰਡੀ, ਮਿਖਡੀ, ਜਟਾਂ ਵਾਲੇ, ਮਯੂਰਪਿਠ, ਹਾਸਾਮਜਾਕ ਕਰਨ ਵਾਲੇ, ਹੁਲੜਵਾਜ, ਖੁਸ਼ਾਮਦੀ, ਮਜਾਕੀਏ, ਬਹਿਸ ਕਰਨ ਵਾਲੇ, ਕਾਮ ਭੋਗਾਂ ਤੇ ਸ਼ਿੰਗਾਰਾਂ ਦਾ ਵਿਖਾਵਾ ਕਰਨ ਵਾਲੇ, ਭਾਂਡ (ਨਕਲੀਏ ਅਤੇ ਭੱਟ) ਗਾਂਦੇ,

ਬਜਾਉਂਦੇ, ਹਸਦੇ, ਨਚਦੇ, ਬੋਲਦੇ ਸਿਖਿਆ ਦੇਂਦੇ, ਰਾਜੇ ਦੀ ਰੱਖਿਆ ਕਰਦੇ ਅਤੇ ਅਵਾਜ ਪੈਦਾ ਕਰਦੇ ਅਗੇ ਵਧ ਰਹੇ ਸਨ।

ਇਸ ਤੋਂ ਬਾਅਦ ਨੌਜਵਾਨ, ਹਾਰ ਸ਼ਿੰਗਾਰ ਵਾਲੇ, ਲਗਾਮਾ ਵਾਲੇ ਸਾਜ ਵਾਜ ਨਾਲ ਸ਼ਿੰਗਾਰੇ ਇਕ ਸੌ ਅਠ ਘੋੜੇ ਰਵਾਨਾ ਹੋਏ। ਹਰੀ ਬੇਲਾਂ (ਇਕ ਪੌਦਾ) ਦੀ ਨਵੀਂ ਕਲੀ ਵਾਂਗ ਉਨਾਂ ਘੋੜਿਆ ਦੀਆਂ ਅੱਖਾਂ ਸੁਫੇਦ ਸਨ, ਉਨ੍ਹਾਂ ਦੀ ਚਾਲ ਮਨਮੋਹਨੀ, ਵਿਲਾਸ ਭਰਪੂਰ ਅਤੇ ਨਾਚ ਭਰਪੂਰ ਸੀ ਉਨ੍ਹਾਂ ਦੇ ਸਰੀਰ ਚੰਚਲ ਸਨ ਉਹ ਨੱਚਨ; ਕੁੱਦਨ, ਭੱਜਨ, ਚਾਲ ਵਿਚ ਚਤੁਰ ਸਨ ਭਜਦੇ ਸਮੇਂ ਉਨ੍ਹਾਂ ਦੇ ਤਿੰਨ ਪੈਰ ਹੀ ਧਰਤੀ ਤੇ ਦਿਸਦੇ ਸਨ, ਉਹ ਘੋੜੇ ਸਿਖਿਆਤ ਸਨ, ਉਨਾਂ ਦੇ ਗਲੇ ਵਿਚ ਸੋਨੇ ਦੇ ਗਹਿਨੇ ਪ੍ਰਾਏ ਹੋਏ, ਉਨ੍ਹਾਂ ਘੋੜਿਆ ਦੇ ਮੂੰਹਾਂ ਉਪਰ ਵੀ ਗਹਿਣੇ ਸਜੇ ਹੋਏ ਸਨ, ਲੰਬੇ ਗੁਛੇ ਲੱਟਕ ਰਹੇ ਸਨ ਘੋੜੇ ਚਾਮਰ, ਦੱਭ ਨਾਲ ਸਜੇ ਹੋਏ ਸਨ, ਇਨਾਂ ਤੇ ਉਤੱਮ ਸਜੇ ਨੌਜਵਾਨ ਬੈਠੇ ਸਨ।

ਉਸ ਤੋਂ ਬਾਅਦ ਇਕ ਸੌ ਅਠ ਹਾਥੀ ਰਵਾਨਾ ਹੋਏ, ਉਨ੍ਹਾਂ ਵਿਚੋਂ ਕੁਝ ਮਸਤ ਸਨ ਅਤੇ ਉਨਾਂ ਦੇ ਦੰਦ ਬਾਹਰ ਵਿਖਾਈ ਦੇ ਰਹੇ ਸਨ, ਉਨਾਂ ਦੇ ਪਿਛਲੇ ਹਿਸੇ ਵਿਚੋਂ ਵਿਸ਼ਾਲ ਤੇ ਸਫੇਦ ਸਨ ਉਨਾਂ ਦੰਦਾਂ ਤੇ ਸੋਨਾ ਚੜਿਆ ਹੋਇਆ ਸੀ ਉਹ ਹਾਥੀ ਸੋਨੇ ਅਤੇ ਮਣੀਆਂ ਨਾਲ ਸ਼ਿੰਗਾਰੇ ਹੋਏ ਸਨ ਇਸ ਤੋਂ ਬਾਅਦ ਇਕ ਸੌ ਸਠ ਰੱਥ ਅਗੇ ਚੱਲੇ ਇਹ ਰਥ ਛੱਤਰ, ਧੱਵਜਾ, ਘੰਟਾ, ਪਤਾਕਾ, ਝੰਡੀਆਂ ਅਤੇ ਭਿੰਨ-ਭਿੰਨ ਪ੍ਰਕਾਰ ਦੇ ਵਾਜਿਆਂ ਦੀਆਂ ਆਵਾਜਾਂ ਨਾਲ ਭਰਪੂਰ ਸਨ, ਛੋਟੀਆਂ ਘੰਟੀਆਂ ਦੇ ਜਾਲ ਨਾਲ ਢਕੇ ਹੋਏ ਸਨ ਉਹ ਹਿਮਾਲੀਆ ਪਰਬਤ ਤੇ ਪੈਦਾ ਹੋਣ ਵਾਲੀ ਲਕੜ ਤੋਂ ਬਣੇ ਹੋਏ ਸਨ ਕਾਲਾਯਸ ਲੋਹੇ ਦੇ ਪਹੀਏ ਤੇ ਧੁਰੇ ਬੜੇ ਸੋਹਣੇ ਲਗ ਰਹੇ ਸਨ ਉਨ੍ਹਾਂ ਰਥਾਂ ਦੀਆਂ ਧੁਰੀਆਂ ਮਜਬੂਤ ਤੇ ਗੋਲ ਸਨ ਉਨਾਂ ਨੂੰ ਉਚੇ ਦਰਜੇ ਦੇ ਘੋੜੇ ਖਿੱਚ ਰਹੇ ਸਨ, ਉਨਾਂ ਦੀ ਵਾਗਡੋਰ ਚੁਸਤ ਅਤੇ ਸਮਝਦਾਰ ਪੁਰਸ਼ਾਂ ਦੇ ਹੱਥਾਂ ਵਿਚ ਸੀ ਉਹ 32 ਤੀਰਾਂ ਨਾਲ ਸਜੇ ਹੋਏ ਸਨ ਉਨਾਂ ਪੁਰਸ਼ਾਂ ਨੇ ਕਵਚ ਤੇ ਟੋਪ ਪਹਿਨ ਰਖੇ ਸਨ ਉਹ ਧਨੁਸ਼ ਵਾਨ, ਤਲਵਾਰ ਆਦਿ ਯੁਧ ਸਾਮਗਰੀ ਨਾਲ ਭਰੇ ਹੋਏ ਸਨ।

ਉਨਾਂ ਰਥਾਂ ਦੇ ਪਿਛੇ ਤਲਵਾਰ, ਸ਼ਕਤੀ, ਭੱਲਾ ਸੂਲ, ਲਾਠੀਆਂ ਭਿੰਡੀਮਾਲ ਅਤੇ ਧਨੁਖ ਹੱਥਾਂ ਵਿਚ ਲਈ ਪੈਦਲ ਅਗੇ ਵਧ ਰਹੇ ਸਨ।

ਉਨਾਂ ਤੋਂ ਬਾਅਦ ਕੋਣਿਕ ਰਾਜਾ ਸੀ ਉਸਦਾ ਗਲਾ ਹਾਰਾਂ ਨਾਲ ਭਰਿਆ ਹੋਇਆ ਸੀ ਕੁੰਡਲਾਂ ਨਾਲ ਮੂੰਹ ਚਮਕ ਰਿਹਾ ਸੀ ਸਿਰ ਤੇ ਮੁਕਟ ਸ਼ੋਭਾ ਦੇ ਰਿਹਾ ਸੀ ਉਹ ਮਨੁਖਾਂ ਵਿਚ ਸ਼ੇਰ, ਇੰਦ੍ਰ, ਬਲਦ ਅਤੇ ਚਕੱਰਵਰਤੀ ਦੀ ਤਰਾਂ ਸੀ। ਹਾਥੀ ਦੀ ਪਿਠ ਤੇ ਬੈਠੇ

ਉਸ ਦਾ ਤੇਜ ਚਮਕ ਰਿਹਾ ਸੀ ਉਸਨੇ ਕੋਰਟ ਫੁਲਾਂ ਦੀ ਮਾਲਾ ਅਤੇ ਛਤਰ ਨੂੰ ਧਾਰਨ ਕੀਤਾ ਹੋਇਆ ਸੀ, ਸਫੇਦ ਚਾਮਰ ਝੁਲ ਰਹੇ ਸਨ ਵੈਸ਼ਮਨ, ਕੁਵੇਰ, ਚਕੱਰਵਰਤੀ, ਇੰਦਰ ਦੀ ਤਰਾਂ ਉਹ ਸੰਪਤੀ ਵਾਲਾ ਤੇ ਪ੍ਰਸਿਧੀ ਵਾਲਾ ਸੀ।

ਉਹ ਘੋੜੇ, ਹਾਥੀ, ਰੱਥ ਅਤੇ ਬਲਵਾਨ ਜੋਧੇ ਰੂਪ ਚਾਰ ਪ੍ਰਕਾਰ ਦੀ ਸੈਨਾ ਲੈਕੇ ਉਥੇ ਪਹੁੰਚ ਗਿਆ ਜਿਥੇ ਪੂਰਨ ਭੱਦਰ ਚੈਤਯ ਸੀ ਤਦ ਬਿੰਬਸਾਰ ਦਾ ਪੁੱਤਰ ਕੌਣਿਕ ਰਾਜਾ ਦੇ ਅਗੇ ਬੜੇ ਬੜੇ ਘੋੜ ਸਵਾਰ ਸਨ। ਉਹ ਇਸ ਪ੍ਰਕਾਰ ਬੋਲ ਰਹੇ ਹਨ—

ਹੇ ਨੰਦ ਤੁਹਾਡੀ ਜੈ ਹੋਵੇ (ਭਦਰ 'ਕਲਿਆਣ ਕਰਨ ਵਾਲਾ') ਤੁਹਾਡੀ ਜੈ ਹੋਵੇ ਤੁਹਾਡਾ ਕਲਿਆਣ ਹੋਵੇ ਤੁਸੀਂ ਨਾ ਜਿਤੇ ਨੂੰ ਜ਼ਿਤ ਲਵੋ ਅਤੇ ਜਿਤੇ ਹੋਏ ਲੋਕ ਤੁਹਾਡਾ ਹੁਕਮ ਮੰਨਣ। ਤੁਸੀਂ ਜਿਤੇ ਹੋਵੇ ਲੋਕਾਂ ਵਿਚ ਨਿਵਾਸ ਕਰੋ। ਆਪ ਦੇਵਤਿਆਂ ਵਿਚ ਇੰਦਰ ਦੀ ਤਰਾਂ, ਅਸੁਰਾਂ ਵਿਚ ਚਮਰ ਦੀ ਤਰਾਂ, ਨਾਗਾਂ ਵਿਚ ਧਰਨ ਦੀ ਤਰਾਂ, ਤਾਰਿਆਂ ਵਿਚ ਚੰਦਰਮਾਂ ਦੀ ਤਰਾਂ ਅਤੇ ਮਨੁਖਾਂ ਵਿਚ ਭਰਤ ਚਕਰਵਰਤੀ ਦੀ ਤਰਾਂ ਬਹੁਤ ਸਾਲਾਂ, ਸ਼ਤਾਵਦੀਆਂ, ਹਜਾਰਾਂ ਸਾਲਾਂ, ਲੱਖਾਂ ਸਾਲਾਂ, ਦੋਸ਼ ਰਹਿਤ, ਸਾਰੇ ਪਰਿਵਾਰ ਸਮੇਤ ਸੰਤੁਸ਼ਟ ਤੇ ਲੰਬੀ ਉਮਰ ਭੋਗੋ। ਤੁਸੀਂ ਆਪਣੇ ਰਿਸ਼ਤੇਦਾਰਾਂ ਨਾਲ ਘਿਰੇ ਚੰਪਾ ਨਗਰੀ, ਪਿੰਡ ਆਕਰ (ਲੂਣ ਦੀ ਖਾਨ) ਨਗਰ (ਟੈਕਸ ਰਹਿਤ ਸਹਿਤ) ਖੇਟ, ਕਰਵਟ, ਮੰਡਬ, ਦੋਰਣਮੁਖ, ਬੰਦਰਗਾਹ, ਨਿਗਮ, ਪਰਵਤਾਂ ਦੀ ਤਲਹਟੀ ਦੀ ਵਸੋਂ ਪਿੰਡਾਂ, ਸਨੀਵੇਸ਼ ਦੀ ਅਗਵਾਈ ਕਰੋ, ਮਹਾਨ ਅਤੇ ਆਗਿਆਕਾਰ ਸੈਨਾਪਤੀ ਤੋਂ ਹੁਕਮ ਮਨਾਉਂਦੇ ਰਹੋ। ਕਥਾ, ਨਾਚ, ਗੀਤ, ਨਾਟਕ, ਵਾਜੇ, ਵੀਨਾ, ਕਰਤਾਲ, ਤੁਰ, ਮੇਘ, ਮਰਦੰਗ ਆਦਿ ਦਾ ਆਨੰਦ ਮਾਨਦੇ ਰਹੋ।

ਤਦ ਉਹ ਬਿੰਬਸਾਰ ਦਾ ਪੁੱਤਰ ਕੌਣਿਕ ਰਾਜਾ ਹਜਾਰਾਂ ਅੱਖਾਂ ਰੂਪੀ ਮਾਲਾ ਦਾ ਇਜੱਤ ਬਨਦਾ ਹੋਇਆ ਆ ਰਿਹਾ ਸੀ, ਉਸਦੇ ਆਸ ਪਾਸ ਹਾਥੀ ਅਤੇ ਹਾਥੀ ਸਵਾਰ ਸਨ ਪਿਛੇ ਹਾਥੀਆਂ ਦਾ ਝੁੰਡ ਸੀ।

ਉਹ ਬਿੰਬਸਾਰ ਦਾ ਪੁੱਤਰ ਕੋਣਿਕ ਚੰਪਾ ਨਗਰੀ ਦੇ ਵਿਚਕਾਰ ਹੋ ਕੇ ਜਾ ਰਿਹਾ ਸੀ ਉਸਦੇ ਸਾਹਮਣੇ ਸੋਵਨਝਾਰੀ ਚੁਕੀ ਹੋਈ ਸੀ ਕੋਈ ਪੱਖਾ ਝਲ ਰਿਹਾ ਸੀ ਕਿਸੇ ਕੋਲ ਸਫੇਦ ਛਤੱਰ ਸੀ ਇਸ ਪ੍ਰਕਾਰ ਪੱਖੇ, ਚਾਮਰ, ਗਹਿਣੇ, ਸੰਪਤੀ, ਸੈਨਾ, ਪਰਿਵਾਰ, ਭਗਤੀ ਭਰਪੂਰ, ਫੁਲਾਂ, ਖੁਸ਼ਬੂ, ਹਾਰ ਸ਼ਿੰਗਾਰ ਅਤੇ ਵਾਜਾ ਰਾਜੇ ਨਾਲ ਚਲ ਰਿਹਾ ਸੀ। ਸੰਖ, ਢੋਲ, ਨਗਾਰੇ, ਭੇਰੀ, ਨਰੀ, ਖੁਰਮੁਰੀ, ਹੁੜਕਾ, ਮੁਰਜ, ਮਰਦੰਗ ਅਤੇ ਵਾਜੇ ਵਜ ਰਹੇ ਸਨ।

ਚੰਪਾ ਨਗਰੀ ਵਿਚ ਜਾਂਦਿਆਂ ਕੋਣਿਕ ਰਾਜਾ ਵੀ ਬਹੁਤ ਸਾਰੇ ਦਰਸ਼ਣ ਦੇ ਇਛੁੱਕ, ਕਾਮ ਭੋਗ ਦੇ ਇਛੁੱਕ, ਭੋਜਨ ਦੇ ਇਛੁੱਕ, ਭਾਂੜੇ ਕਾਪਲਿਕ, ਕਰਪੀੜ੍ਤ ਸੰਖ ਵਜਾਉਣ ਵਾਲੇ, ਘੁਮਾਰ, ਕਿਸਾਨ, ਹਾਸਾ ਮਜਾਕ ਕਰਨ ਵਾਲੇ, ਭੱਟ, ਚਾਰਜ ਅਤੇ ਵਿਦਿਆਰਥੀਆਂ ਚੰਗੇ ਸੋਹਣੇ, ਪਿਆਰੇ, ਮਨਭਾਵਨੇ, ਮਨ ਵਿਚ ਖੁਭਨ ਵਾਲੇ ਸੈਂਕੜੇ ਨਾਰੇ ਲਾ ਰਹੇ ਸਨ, ਅਭਿਨੰਦਨ ਕਰ ਰਹੇ ਸਨ। ਉਸਤੱਤੀ ਕਰ ਰਹੇ ਸਨ। ਉਹ ਇਸ ਪ੍ਰਕਾਰ ਆਖ ਰਹੇ ਸਨ। ਹਜਾਰਾਂ ਦਿਲਾਂ ਰੂਪੀ ਮਾਲਾ ਤੋਂ ਬਾਅਦ ਕਰਵਾਉਂਦਾ ਹੋਇਆ ਹਜ਼ਾਰਾਂ ਮਨੋਰਥ ਰੂਪੀ ਮਾਲਾ ਦੀ ਇਛਾ ਪੂਰੀ ਕਰਦਾ ਹੋਇਆ ਸ਼ੋਭਾ ਅਤੇ ਸੁਭਾਗ ਦੇ ਬਚਨਾਂ ਨਾਲ ਪ੍ਰਸ਼ੰਸਾ ਪਾ ਰਿਹਾ ਸੀ। ਬਹੁਤ ਸਾਰੇ ਹਜਾਰਾਂ ਇਸਤਰੀ ਪੁਰਸ਼ ਦੀ ਹਥ ਜੋੜ ਰੂਪੀ ਮਾਲਾ ਨੂੰ ਸਵੀਕਾਰ ਕਰਦਾ ਹੋਇਆ, ਮਿਠੀ ਕੋਮਲ ਅਵਾਜ ਨਾਲ ਪਰਜਾ ਦੀ ਕੁਸ਼ਲਤਾ ਪੁਛਦਾ ਹੋਇਆ ਹਜਾਰਾਂ ਭਵਨਾਂ ਨੂੰ ਛਡ ਕੇ ਅਗੇ ਵਧਦਾ ਹੋਇਆ, ਚੰਪਾ ਨਗਰੀ ਤੋਂ ਬਾਹਰ ਨਿਕਲਿਆ।

## ਭਗਵਾਨ ਮਹਾਵੀਰ ਦੀ ਭਗਤੀ

ਚੰਪਾ ਨਗਰੀ ਤੋਂ ਬਾਹਰ, ਜਿਥੇ ਪੂਰਨ ਭਦਰ ਚੇਤਯ ਸੀ ਉਥੇ ਆਇਆ। ਉਥੇ ਪਹੁੰਚ ਕੇ ਨਾ ਜਿਆਦਾ ਦੂਰ ਅਤੇ ਨਾ ਜਿਆਦਾ ਨੇੜੇ ਅਜਿਹੇ ਥਾਂ ਤੇ ਪਹੁੰਚਿਆ ਉਥੇ ਭਗਵਾਨ ਮਹਾਵੀਰ ਦੇ ਛਤਰ ਆਦਿ ਅਤਿਸਯ (ਵਿਸ਼ੇਸ਼ਤਾਵਾਂ) ਨੂੰ ਵੇਖਿਆ।

ਤਦ ਸਜੇ ਹਾਥੀ ਨੂੰ ਖੜਾ ਕਰਕੇ, ਰਾਜਾ ਹਾਥੀ ਤੋਂ ਉਤਰਿਆ। ਹਾਥੀ ਤੋਂ ਉਤਰ ਕੇ ਪੰਜ ਰਾਜ ਚਿੰਨ ਦੂਰ ਕੀਤੇ (ਖੜਗ, ਛੱਤਰ, ਮੁਕਟ, ਜੁਤਾ ਅਤੇ ਚਾਮਰ)।

ਫਿਰ ਜਿਥੇ ਸ਼੍ਰਮਣ ਭਗਵਾਨ ਮਹਾਂਵੀਰ ਸਨ ਉਥੇ ਆਏ ਪੰਜ ਧਰਮ ਸਭਾ ਦੇ ਨਿਯਮ ਦਾ ਪਾਲਣ ਕਰਦੇ ਉਹ ਅੱਗੇ ਵਧਿਆ। ਭਗਵਾਨ ਮਹਾਂਵੀਰ ਸਾਹਮਣੇ ਆਇਆ (1) ਜੀਵਾਂ ਵਾਲੇ ਦਰਵ ਛਡ ਦਿਤੇ (2) ਅਜੀਵ ਦਰਵ ਠੀਕ ਕੀਤੇ (3) ਇਕ ਬਿਨਾ ਸੀਤਾ ਕਪੜਾ ਪਹਿਨਿਆ (4) ਧਰਮ ਨੇਤਾ ਵੇਖਣ ਸਾਰ ਹਥ ਜੋੜਿਆ (5) ਮਨ ਇਕ ਚਿੱਤ ਕੀਤਾ।

ਫਿਰ ਸ਼੍ਰਮਣ ਮਹਾਵੀਰ ਦੀ ਤਿੰਨ ਵਾਰ ਪ੍ਰਦਾਖਿਨਾ ਕਰਕੇ ਬੰਦਨ, ਨਮਸਕਾਰ ਕੀਤਾ। ਬੰਦਨਾਂ ਨਮਸਕਾਰ ਕਰਨ ਤੋਂ ਬਾਅਦ, ਤਿੰਨ ਪ੍ਰਕਾਰ ਦੀ ਭਗਤੀ ਕੀਤੀ ਜਿਵੇਂ ਸ਼ਰੀਰ, ਬਚਨ ਅਤੇ ਮਨ ਰਾਹੀਂ।

ਸਰੀਰ ਹਥ ਪੈਰ ਇਕਠੇ ਕਰਕੇ ਭਾਸ਼ਨ ਸੁਣਿਆ; ਭਗਵਾਨ ਵਲ ਮੂੰਹ ਕਰਕੇ ਬਿਨੇ ਨਾਲ ਹਥ ਜੋੜੇ ਅਤੇ ਭਗਤੀ ਕੀਤੀ।

ਜਦ ਆਨੰਦ ਨੂੰ ਸ਼ਹਿਰ ਦੇ ਲੋਕਾਂ ਤੋਂ ਪਤਾ ਲਗਾ ਕਿ ਸ੍ਰਮਣ ਭਗਵਾਨ ਮਹਾਂਵੀਰ ਸ਼ਹਿਰ ਦੇ ਬਾਹਰ ਪਧਾਰ ਚੁਕੇ ਸਨ। ਤਾਂ ਉਸਨੇ ਸੋਚਿਆ ਮੈਨੂੰ ਵੀ ਭਗਵਾਨ ਮਹਾਂਵੀਰ ਦੇ ਦਰਸ਼ਨ ਕਰਨ ਲਈ ਜਾਣਾ ਚਾਹੀਦਾ ਹੈ। ਵਿਧੀ ਅਨੁਸਾਰ ਨਮਸਕਾਰ ਕਰਨਾ ਚਾਹੀਦਾ ਹੈ ਇਸ ਨਾਲ ਮਹਾਨ ਫਲ (ਪੁੰਨ) ਦੀ ਪ੍ਰਾਪਤੀ ਹੋਵੇਗੀ। ਇਹ ਸੋਚਕੇ ਉਸਨੇ ਇਸ਼ਨਾਨ ਕੀਤਾ ਸ਼ੁਧ ਅਤੇ ਸਭਾ ਵਿਚ ਆਦਜਯੋਗ ਮੰਗਲ (ਸੁਖਕਾਰੀ) ਕਪੜੇ ਧਾਰਨ ਕੀਤੇ। ਗਿਣਤੀ ਵਿਚ ਥੋੜੇ ਬਹੁਮੁੱਲੇ ਗਹਿਣਿਆਂ ਨਾਲ ਸਰੀਰ ਨੂੰ ਸਜਾਇਆ ਕੋਰੰਟ ਫੁੱਲਾਂ ਦੇ ਹਾਰ ਨਾਲ ਸਜਿਆ ਛਤਰ ਧਾਰਨ ਕੀਤਾ। ਇਸ ਪ੍ਰਕਾਰ ਬਹੁਤ ਸਾਰੇ ਲੋਕਾਂ ਨਾਲ ਘਿਰਿਆ ਉਹ ਪੈਦਲ ਹੀ ਸ਼ਹਿਰ ਦੇ ਵਿਚਕਾਰ ਹੁੰਦਾ ਹਇਆ ਦੁਤਪਲਾਸ਼ ਜੇਤਯ ਨਾਓਂ ਦੇ ਬਾਗ ਵਿਚ ਪਹੁੰਚਿਆ। ਜਿਥੇ ਭਗਵਾਨ ਮਹਾਂਵੀਰ ਵਿਰਾਜਮਾਨ ਸਨ। ਉਥੇ ਜਾਕੇ ਭਗਵਾਨ ਮਹਾਵੀਰ ਨੂੰ ਤਿੰਨ ਵਾਰ ਪ੍ਰਦਿਖਿਨਾ ਕੀਤਾ, ਬੰਦਨਾ ਨਮਸਕਾਰ ਕੀਤਾ, ਵਿਧੀ ਅਨੁਸਾਰ ਭਗਤੀ ਕੀਤੀ।(10)॥

---

ਬਚਨ ਰਾਂਹੀ "ਜੋ ਜੋ ਭਗਵਾਨ ਆਖਦੇ ਹੋ ਉਸਨੂੰ ਅਜਿਹਾ ਹੀ ਹੈ ਭਗਵਾਨ। ਇਹੋ ਸਚਾਈ ਹੈ ਪ੍ਰਭੂ। ਇਹੋ ਸਚ ਹੈ ਭਗਵਾਨ। ਬਿਨਾਂ ਸ਼ੱਕ ਇਹੋ ਹੈ, ਇਹੋ ਬੇਹਤਰ ਹੈ ਭਗਵਾਨ। ਇਹ ਮਨਜ਼ੂਰ ਹੈ ਭਗਵਾਨ। ਇਹੋ ਫਲ ਦੇਣ ਵਾਲਾ ਹੈ ਭਗਵਾਨ! ਜਿਹਾ ਆਪਣੇ ਫਰਮਾਇਆ ਹੈ ਸਭ ਸਹੀ ਹੈ" ਇਸ ਪ੍ਰਕਾਰ ਵਿਰੋਧ ਤਿਆਗ ਕੇ ਭਗਤੀ ਕਰਨਾ ਬਚਨ ਭਗਤੀ ਹੈ। ਮਨ ਰਾਂਹੀ ਉਤਸ਼ਾਹ ਉਤਪੰਨ ਕਰਕੇ ਧਰਮ ਦੇ ਪ੍ਰਤਿ ਪਿਆਰ ਅਤੇ ਧਰਮ ਨੂੰ ਅਪਨਾਉਣ ਵਿਚ ਤੇਜੀ ਵਿਖਾਉਣ ਮਨ ਦੀ ਭਗਤੀ ਹੈ।

ਪਾਠ 10 ਦੀ ਟਿੱਪਣੀ—

1. ਵਿਧੀਪੂਰਕ ਭਗਤੀ ਦਾ ਪਾਠ ਇਸ ਪ੍ਰਕਾਰ ਹੈ।

ਹੇ ਭਗਵਾਨ ਮਹਾਵੀਰ ਮੈਂ ਆਪ ਨੂੰ ਬੰਦਨਾ ਕਰਦਾ ਹਾਂ, ਨਮਸਕਾਰ ਕਰਦਾ ਹਾਂ, ਸਤਿਕਾਰ ਕਰਦਾ ਹਾਂ, ਸਨਮਾਨ ਕਰਦਾ ਹਾਂ, ਕਿਉਂਕਿ ਆਪ ਕਲਿਆਨ ਕਰਨ ਵਾਲੇ ਹੋ ਆਪ ਦੁੱਖਾਂ ਨੂੰ ਦੂਰ ਕਰਕੇ ਮੰਗਲ (ਖੁਸ਼ੀਆਂ) ਦੇਣ ਵਾਲੇ ਹੋ, ਆਪ ਦੇਵਤਾ ਰੂਪ ਹੋ, ਆਪ ਗਿਆਨਵਾਨ ਹੋ, ਇਸ ਲਈ ਮੈਂ ਆਪ ਦੀ ਉਪਾਸਨਾ ਕਰਦਾ ਹਾਂ, ਮਸਤੱਕ ਝੁੱਕਾ ਕੇ ਬੰਦਨਾਂ ਕਰਦਾ ਹਾਂ (ਇਸ ਪ੍ਰਕਾਰ ਤਿੰਨ ਵਾਰ ਕਿਹਾ ਜਾਂਦਾ ਹੈ)।

ਇਨਾਂ ਸ਼ਬਦਾਂ ਦੀ ਵਿਆਖਿਆਂ ਸ਼੍ਰੀ ਰਾਜ਼ਪ੍ਰਸੇਨੀਆਂ ਸੂਤਰ ਦੀ ਟੀਕਾ ਵਿਚ ਆਚਾਰੀਆਂ ਮਲਯਗਿਰੀ ਨੇ ਇਸ ਪ੍ਰਕਾਰ ਕੀਤੀ ਹੈ—

**कल्लाणं मंगलं देवइं चेइयं पज्जुवासामि** कल्याणं-कल्याणकारित्वात् मंगलं-दरितोपशमकारित्वात् देवतां-देवं त्रैलोक्याधिपतित्वात् चैत्यं-सुप्रशस्तमनो-हेतुत्वात् पर्युपासितुम्-सेवितुम्।

ਫੇਰ ਸ਼੍ਰਮਨ ਭਗਵਾਨ ਮਹਾਂਵੀਰ ਨੇ ਗਾਥਾਪਤੀ ਅਤੇ ਉਥੇ ਬੈਠੀ ਵਿਸ਼ਾਲ ਪਰਿਸ਼ਧ ਨੂੰ ਧਰਮ ਉਪਦੇਸ਼ ਦਿਤਾ। ਧਰਮ ਉਪਦੇਸ਼ ਸੁਣ ਕੇ ਪਰਿਸ਼ਧ ਚਲੀ ਗਈ ਅਤੇ ਰਾਜਾ ਵੀ ਚਲਾ ਗਿਆ(11)।

ਭਗਵਾਨ ਮਹਾਵੀਰ ਦਾ ਉਪਰੋਕਤ ਉਪਦੇਸ਼ ਸੁਣ ਕੇ ਆਨੰਦ ਗਾਥਾਪਤੀ ਬਹੁਤ ਖੁਸ਼ ਹੋਇਆ, ਖੁਸ਼ ਹੋਕੇ ਇਸ ਪ੍ਰਕਾਰ ਆਖਣ ਲਗਾ "ਹੇ ਭਗਵਾਨ ! ਮੈਂ ਨਿਰਗਰੰਥ ਪ੍ਰਵਚਨ (ਜੈਨ ਧਰਮਦੇ ਉਪਦੇਸ਼) ਤੇ ਸ਼ਰਧਾ ਕਰਦਾ ਹਾਂ, ਵਿਸ਼ਵਾਸ ਕਰਦਾ ਹਾਂ, ਇਹ ਮੈਨੂੰ ਚੰਗਾ ਲਗਦਾ ਹੈ ਭਗਵਾਨ ਆਪ ਨੇ ਜੋ ਫ਼ਰਮਾਇਆ ਹੈ, ਇਹ ਸੱਚ ਹੈ, ਇਸ ਪ੍ਰਕਾਰ ਹੈ, ਤੱਥ ਹੈ, ਮੇਰੀ ਇੱਛਾ ਅਨੁਸਾਰ ਠੀਕ ਹੈ।"

"ਹੇ ਦੇਵਾਨੁਪ੍ਰਿਯ ! (ਦੇਵਤਿਆਂ ਦੇ ਪਿਆਰੇ) ਜਿਵੇਂ ਤੁਹਾਡੇ ਪਾਸ ਰਾਜਾ, ਈਸ਼ਵਰ (ਯੁਵਰਾਜ) ਤਲਵਰ (ਰਾਜੇ ਦੇ ਅੰਗ ਰੱਖਿਅਕ), ਮਾਂਡਵੀਕ ਕੋਟਵੰਕਿ, (ਪਰਿਵਾਰ ਦਾ ਮੁਖੀਆ) ਸੇਠ, ਸੈਨਾਪਤੀ, ਸਾਰਥ ਵਾਹ, ਸਿਰ ਮੁਨਾ ਕੇ, ਘਰ ਛੱਡ ਕੇ ਭਿਕਸ਼ੂ ਬਣ ਗਏ ਹਨ, ਪਰ ਮੈਂ ਇਸ ਪ੍ਰਕਾਰ ਸਿਰ ਮੁਨਾ ਕੇ ਸਾਧੂ ਬਨਣ ਤੋਂ ਅਸਮਰਥ ਹਾਂ।

ਇਸ ਲਈ ਹੇ ਦੇਵਾਨੂਪ੍ਰਿਯ ! ਆਪ ਮੈਨੂੰ ਪੰਜ ਅਣੂਵਰਤ ਅਤੇ ਸੱਤ ਸਿਖਿਆ ਵਰਤ ਰੂਪੀ ਗ੍ਰਹਿਸਥ ਧਰਮ ਧਾਰਨ ਕਰਨ ਦੀ ਆਗਿਆ ਫਰਮਾਓ।" ਆਨੰਦ ਦੇ ਇਸ ਪ੍ਰਕਾਰ ਆਖਣ ਤੇ ਭਗਵਾਨ ਨੇ ਫੁਰਮਾਇਆ "ਜਿਵੇਂ ਤੇਰੀ ਆਤਮਾ ਨੂੰ ਸੁਖ ਹੋਵੇ ਉਸੇ

---

ਧਰਮ ਕਥਾ ਦਾ ਵਰਣਨ ਸ੍ਰੀ ਉਵਵਾਈ ਸੂਤਰ ਵਿਚ ਸੰਖੇਪ ਰੂਪ ਵਿਚ ਇਸ ਪ੍ਰਕਾਰ ਮਿਲਦਾ ਹੈ।

"ਲੋਕ-ਅਲੋਕ" ਜੀਵ, ਅਜੀਵ, ਬੰਧ, ਮੋਕਸ਼, ਪੁੰਨ, ਪਾਪ, ਆਸ਼ਰਵ, ਸੰਵਰ, ਵੇਦਨਾ, ਨਿਰਜਰਾ, ਅਰਿਹੰਤ, ਚਕਰਵਰਤੀ, ਬਲਦੇਵ, ਵਾਸਦੇਵ, ਨਰਕ ਨਾਰਕਾ, ਪਸ਼ੂ ਯੋਨੀ ਦੇ ਰਹਿਣ ਵਾਲੇ, ਮਾਤਾ, ਪਿਤਾ, ਰਿਸ਼ੀ, ਦੇਵ, ਦੇਵਲੋਕ, ਸਿਧੀ, ਸਿਧ ਪਰਿਨਿਰਵਾਨ, ਵਰਤੀ ਵਾਰੇ ਵਿਸਥਾਰ ਨਾਲ ਦਸਿਆ।

12 ਵਰਤ ਦਾ ਨੀ ਇਸ ਪ੍ਰਕਾਰ ਹਮ —

1. ਪੰਜ ਅਣੂਵਰਤ ਇਸ ਪ੍ਰਕਾਰ ਹਨ—

(1) ਸਥੂਲ ਪ੍ਰਾਣਤੀਪਾਤ ਦਾ ਤਿਆਗ (ਅਹਿੰਸਾ)

(2) ਸਥੂਲ ਮਰਿਸ਼ਾਵਾਦ ਦਾ ਤਿਆਗ (ਸੱਚ)

(3) ਸਥੂਲ ਅੱਦਤਾਦਾਨ ਦਾ ਤਿਆਗ (ਚੋਰੀ ਦਾ ਤਿਆਗ)

(4) ਸਵਦਾਰ ਸੰਤੋਸ਼ ਵਰਤ (ਪਰ ਈ ਔਰਤ ਦਾ ਤਿਆਗ)

(5) ਇੱਛਾਵਿਧੀ ਪਰਿਮਾਣ ਵਰਤ (ਇੱਛਾਵਾਂ ਦੀ ਹੱਦ ਨਿਸ਼ਚਿੱਤ ਕਰਨਾ)

ਪ੍ਰਕਾਰ ਕਰੋ, ਪਰ ਆਲਸ ਨਾ ਕਰੋ ।'' ।12।

ਉਸ ਤੋਂ ਬਾਅਦ ਆਨੰਦ ਗਾਥਾਪਤੀ ਨੇ ਸ਼੍ਰਮਣ ਭਗਵਾਨ ਮਹਾਂਵੀਰ ਦੇ ਨਜ਼ਦੀਕ ਆ ਕੇ ਸਭ ਵਰਤਾਂ ਵਿਚੋਂ ਸ਼੍ਰੇਸ਼ਟ ਪਹਿਲਾ ਵਰਤ ਸਥੂਲ ਪ੍ਰਾਣਤੀਪਾਤ (ਮੋਟੀ ਹਿੰਸਾ ਦਾ ਤਿਆਗ) ਦਾ ਦੋ ਕਰਨ,ਤਿੰਨ ਯੋਗ ਰਾਹੀਂ ਤਿਆਗ ਕੀਤਾ,ਪ੍ਰਤਿਗਿਆ ਕੀਤੀ ਮੈਂ ਸਾਰਾ ਜੀਵਨ ਮਨ, ਬਚਨ ਤੇ ਸਰੀਰ ਰਾਹੀਂ ਸਥੂਲ ਪ੍ਰਾਣੀਪਤਿਪਾਤ ਨਾ ਹੀ ਆਪ ਕਰਾਂਗਾ ਨਾ ਦੂਸਰੇ ਤੋਂ ਕਰਵਾਵਾਂਗਾ ।13।

ਉਸਤੋਂ ਬਾਅਦ ਆਨੰਦ ਨੇ ਸਥੂਲ ਮਰਿਸ਼ਾਵਾਦ ਮੋਟਾ ਝੂਠ) ਦਾ ਸਾਰੇ ਜੀਵਨ ਲਈ ਦੋ ਕਰਨ ਤੇ ਤਿੰਨ ਯੋਗ ਰਾਹੀਂ ਤਿਆਗ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਮਨ

---

(6) ਦਿਸ਼ਾ ਪਰਿਮਾਨ ਵਰਤ (ਖੇਤ, ਵਿਊਪਾਰ ਦੇ ਖੇਤਰ ਦੀ ਹੱਦ)

(7) ਉਪਭੋਗ ਪਰਿਭੋਗ ਪ੍ਰਰਿਮਾਨ ਵਰਤ (ਨਿਤ ਵਰਤੋਂ ਦੀ ਚੀਜਾਂ ਦੀ ਹੱਦ ਨਿਸ਼ਚਿਤ ਕਰਨਾ)।

(8) ਅਨੰਰਥ ਦੰਡ ਵਿਰਮਨ ਵਰਤ (ਪਾਪਕਾਰੀ ਉਦਪੇਸ਼ ਦਾ ਤਿਆਗ ਅਤੇ ਪਾਪਾਂ ਵਿਚ ਸਹਾਇਤਾ ਦੇਣ ਵਾਲੇ ਕੰਮਾਂ ਦਾ ਤਿਆਗ)

(9) ਸਮਾਇਕ ਵਰਤ (ਢਾਈ ਘੜੀ ਲਈ ਸਮਾਧੀ ਲਾਉਨਾ)

(10) ਦੇਸ਼ ਅਵਕਾਸ਼ਿਕ ਵਰਤ (ਸਫ਼ਰ ਦੀ ਸੀਮਾ ਨਿਸ਼ਚਿਤ ਕਰਨਾ) ।

(11) ਪੋਸ਼ਧ ਵਰਤ ।

(12) ਯਥਾ ਸੰਭਿਆਗ ਵਰਤ (ਭੋਜਨ ਦੀ ਠੀਕ ਤੇ ਨਿਆਂ ਪੂਰਵਕ ਵੰਡ) ।

2. ਕਿਸੇ ਚੀਜ ਦਾ ਤਿਆਗ ਜੈਨ ਦਰਸ਼ਨ ਅਨੁਸਾਰ ਤਿੰਨ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਆਪ ਨਾ ਕਰਨਾ । (2) ਦੂਸਰੇ ਤੋਂ ਨਾ ਕਰਵਾਉਣਾ । (3) ਉਸ ਕੰਮ ਕਰਦੇ ਨੂੰ ਚੰਗਾ ਨਾ ਸਮਝਣਾ ਜਾਂ ਹਿਮਾਇਤ ਨਾ ਕਰਨਾ, ਇੰਨਾਂ ਨੂੰ ਤਿੰਨ '**ਕਰਨ**' ਆਖਦੇ ਹਨ । ਉਪਾਸ਼ਕ ਪਹਲੇ ਦੋ ਕਰਨਾ ਰਾਹੀਂ ਤਿਆਗ ਕਰਦਾ ਹੈ (ਮੁਨੀ ਤਿੰਨ ਕਰਨ ਤੋਂ ਤਿਆਗ ਕਰਦਾ ਹੈ ਇਹ ਤਿੰਨ ਯੋਗ ਹਨ (1) ਮਨ (2) ਬਚਨ (3) ਸ਼ਰੀਰ । ਇਹ ਕੰਮ ਕੋਈ ਕੰਮ ਕਰਨ ਨੂੰ ਪੂਰਾ ਕਰਨ ਦੇ ਇਹ ਤਿੰਨ ਸਾਧਨ ਹਨ ।

(1) ਉਹ ਔਰਤ ਜਿਸ ਨਾਲ ਉਪਾਸ਼ਕ ਦੀ ਵਿਧੀ ਪੂਰਵਕ ਸ਼ਾਦੀ ਨਾ ਹੋਈ ਹੋਵੇ, ਓਹ ਔਰਤ ਮਾਂ ਭੈਣ ਅਤੇ ਧੀ ਸਮਾਨ ਹਨ । ਸਵਦਾਰ ਸੰਤੋਸ਼ ਤੋਂ ਭਾਵ ਭੋਗ ਸੰਬੰਧੀ ਆਪਣੀ ਇਸਤਰੀ ਨਾਲ ਹੈ ।

ਬਚਨ ਅਤੇ ਸਰੀਰ ਰਾਹੀਂ ਨਾ ਤਾਂ ਸਥੂਲ ਮਰਿਸ਼ਾਵਾਦ ਦੀ ਵਰਤੋਂ ਆਪ ਕਰਾਂਗਾ ਅਤੇ ਨਾਂ ਹੀ ਦੂਸਰੇ ਤੋਂ ਕਰਵਾਵਾਂਗਾ ।14।

ਇਸ ਤੋਂ ਬਾਅਦ ਆਨੰਦ ਨੇ ਸਥੂਲ ਅੱਦਤਾਦਾਨ (ਮੋਟੀ ਚੋਰੀ) ਦਾ ਸਾਰੇ ਜੀਵਨ ਲਈ ਦੋ ਕਰਨ ਤਿੰਨ ਯੋਗ ਤੋਂ ਤਿਆਗ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਮਨ ਬਚਨ ਅਤੇ ਸਰੀਰ ਰਾਹੀਂ ਨਾ ਆਪ ਸਥੂਲ ਅਦੱਤਾਦਾਨ ਦਾ ਪਾਲਣ ਕਰਾਂਗਾ ਅਤੇ ਨਾ ਹੀ ਦੂਸਰੇ ਤੋਂ ਕਰਵਾਵਾਂਗਾ ।15।

ਉਸਤੋਂ ਬਾਅਦ ਆਨੰਦ ਗਾਥਾਪਤੀ ਨੇ ਸਵਦਾਰ ਸੰਤੋਸ਼ ਸੰਬੰਧੀ ਵਰਤ ਗ੍ਰਹਿਣ ਕੀਤਾ ਅਤੇ ਪ੍ਰਤਿਗਿਆ ਲਈ ਕਿ ਮੈਂ ਆਪਣੀ ਸਿਵਾਨੰਦਾ ਇਸਤਰੀ ਤੋਂ ਛੁਟ ਹੋਰ ਔਰਤਾਂ ਨਾਲ ਭੋਗ ਦਾ ਤਿਆਗ ਕਰਦਾ ਹਾਂ ।16।

ਇਸਤੋਂ ਬਾਅਦ ਇੱਛਾਵਿਧੀ ਪਰਿਮਾਨ ਵਰਤ ਦੀ ਹੱਦ ਨਿਸ਼ਚਿਤ ਕਰਦੇ ਹੋਏ ਆਨੰਦ ਨੇ ਹੀਰੇ, ਸੋਨੇ ਦੀ ਹੱਦ ਨਿਸ਼ਚਿਤ ਕੀਤੀ ਅਤੇ ਪ੍ਰਤਿਗਿਆ ਲਈ ਕਿ ਮੈਂ ਖਜ਼ਾਨੇ ਵਿਚ ਪਏ 4 ਕਰੋੜ ਹੀਰੇ, ਵਿਉਪਾਰ ਵਿਚ ਲਗੇ 4 ਕਰੋੜ ਹੀਰੇ ਅਤੇ ਘਰ ਦੇ ਸਮਾਨ ਦੇ ਰੂਪ ਵਿਚ 4 ਕਰੋੜ ਹੀਰੇ ਤੋਂ ਛੁਟ ਹੀਰੇ ਤੇ ਸੋਨੇ ਦੀ ਮੋਹਰਾਂ ਦੇ ਇੱਕਠ ਦਾ ਤਿਆਗ ਕਰਦਾ ਹਾਂ ।17।

ਇਸਤੋਂ ਬਾਅਦ ਪਸ਼ੂਆਂ ਸੰਬੰਧੀ ਹੱਦ ਨਿਸ਼ਚਿਤ ਕੀਤੀ । 10-10 ਹਜਾਰ ਵਾਲੇ ਚਾਰ ਗਊਆਂ ਦੇ ਗੋਕਲ ਤੋਂ ਛੁਟ ਪਸ਼ੂ ਸੰਗ੍ਰਹਿ ਦਾ ਤਿਆਗ ਕੀਤਾ ।18।

ਉਸਤੋਂ ਬਾਅਦ ਖੇਤੀ ਸੰਬੰਧੀ ਜਮੀਨ ਦਾ ਤਿਆਗ ਕੀਤਾ, 500 ਹੱਲਾਂ ਦੇ ਵਾਹੁਣ

---

ਪਾਠ 19 ਦੀ ਟਿਪਣੀ—

1. ਖੇਤੰ ਵਤਥੁ (ਤੋਂ ਭਾਵ ਹੈ) ।

ਖੇਤ ਤੋਂ ਭਾਵ ਖੇਤੀ ਯੋਗ ਭੂਮੀ ਅਤੇ ਵਥੁ ਤੋਂ ਭਾਵ ਵਸਤੂ, ਵਸਤੂ ਵਿਚ ਕਪੜੇ ਭਾਂਡੇ, ਘਰੇਲੂ ਸਮਾਨ, ਘਰ ਆਦਿ ਤੋਂ ਹੈ, ਅਚਾਰੀਆ ਅਭੇ ਦੇਵ ਸੂਰੀ ਅਨੁਸਾਰ ਖੇਤ ਨੂੰ ਹੀ ਵਸਤੂ ਆਖਿਆ ਗਿਆ ਹੈ ।

खेत्तवत्थु त्ति, इह क्षेत्रमेव वस्तु ग्रन्थान्तरे तु क्षेत्रं च वास्तु च गृहं क्षेत्रवास्तु इति व्याख्यायते ।

(ii) नियत्तण सइएणं त्ति निर्वतनम्भूमि परिमाण विशेषो देश प्रसिद्धः ततो निर्वतन शतं कर्षणीयत्वेन यस्योस्तितन्निवर्तनशतिकं तेन ।

ਯੋਗ ਭੂਮੀ ਤੋਂ ਛੁਟ ਬਾਕੀ ਭੂਮੀ ਦਾ ਤਿਆਗ ਕਰ ਦਿਤਾ ।19।

ਉਸਤੋਂ ਬਾਅਦ ਬੈਲ ਗੱਡੀਆਂ ਦੀ ਹੱਦ ਨਿਸ਼ਚਿਤ ਕੀਤੀ । 5 ਸੌ ਗੱਡੇ ਯਾਤਰਾ ਲਈ ਅਤੇ 500 ਭਾਰ ਢੋਣ ਲਈ ਰਖਕੇ ਬਾਕੀ ਗੱਡੇ ਰਖਣ ਦਾ ਤਿਆਗ ਕਰ ਦਿੱਤਾ ।20।

ਉਸਤੋਂ ਬਾਅਦ ਕਿਸ਼ਤਿਆਂ ਦੀ ਹੱਦ ਨਿਸਚਿਤ ਕੀਤੀ ਚਾਰ ਮਾਲ ਢੋਣ ਲਈ, ਚਾਰ ਯਾਤਰਾ ਲਈ ਰਖਕੇ ਬਾਕੀ ਰਖਣ ਦਾ ਤਿਆਗ ਕਰ ਦਿਤਾ ।21।

ਇਸਤੋਂ ਬਾਅਦ ਆਨੰਦ ਨੇ ਨਿਤ ਵਰਤੋਂ ਦੀਆਂ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ । ਸਭ ਤੋਂ ਪਹਿਲਾਂ ਉਦਦਰਵਣਿਕਾ ਵਿਧੀ (ਭਾਵ ਇਸ਼ਨਾਨ ਤੋਂ ਬਾਅਦ ਗਿੱਲਾ ਸ਼ਰੀਰ ਸੁਕਾਉਣ ਵਾਲਾ ਤੌਲਿਆ) ਦੀ ਹੱਦ ਨਿਸਚਿਤ ਕੀਤੀ । ਗੰਧਕਸ਼ਾਏ ਨਾਉਂ ਦੇ ਕਪੜੇ ਤੋਂ ਛੁਟ ਤਰਾਂ ਦੇ ਤੌਲੀਏ ਦਾ ਤਿਆਗ ਕਰ ਦਿਤਾ ।22।

ਇਸਤੋਂ ਬਾਅਦ ਆਨੰਦ ਨੇ ਦੰਦ ਧੋਵਨ ਵਿਧੀ (ਦਾਤੁਨ, ਮੰਜਨ) ਦੀ ਹੱਦ ਨਿਸ਼ਚਿਤ ਕੀਤੀ । ਹਰੀ ਮੁਲੱਹਟੀ ਦੀ ਦਾਤਨ ਤੋਂ ਛੁਟ ਹਰ ਕਿਸਮ ਦੀ ਦਾਤੂਨ ਦਾ ਤਿਆਗ ਕਰ ਦਿਤਾ ।23।

ਇਸਤੋਂ ਬਾਅਦ ਫੱਲ ਵਿਧੀ ਦੀ ਹੱਦ ਨਿਸ਼ਚਿਤ ਕੀਤੀ । ਖੀਰਾਮਲਕ ਤੋਂ ਛੁਟ ਫੱਲਾਂ ਦਾ ਤਿਆਗ ਕਰ ਦਿਤਾ ।24।

ਇਸ ਤੋਂ ਬਾਅਦ ਅਭਰਨਵਿਧੀ (ਮਾਲਸ) ਦੀਆਂ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ । ਸ਼ਤਪਾਕ ਅਤੇ ਸ਼ਹਸਤਰਪਾਕ ਨਾਉਂ ਦੇ ਤੇਲਾਂ ਨੂੰ ਛਡਕੇ ਸਭ ਮਾਲਿਸ਼

---

1. ਇਕ ਹੱਲ 100 ਨਿਵਰਤਨਾ ਦਾ ਹੁੰਦਾ ਹੈ ਨਿਵਰਤਨ ਤੋਂ ਭਾਵ ਬਲਦਾਂ ਮੁੜਨਾ ਜਾਂ ਘੁਮਾ ਹੈ । ਇਕ ਹੱਲ 100 ਬਿਘੇ ਦੇ ਬਰਾਬਰ ਸਮਝਣਾ ਚਾਹੀਦਾ ਹੈ ।

2. ਛੇਵਾਂ ਵਰਤ ਦਿਸ਼ਾ ਪਰਿਮਾਨ ਹੈ ਜਿਸ ਅਨੁਸਾਰ ਉਪਾਸ਼ਕ ਆਪਣੇ ਵਿਉਪਾਰ ਖੇਤੀ ਆਦਿ ਧੰਦੇ ਲਈ ਸਫ਼ਰ ਦੀ ਹੱਦ ਨਿਸ਼ਚਿਤ ਕਰਦਾ ਹੈ ।

ਪਾਠ ਨੰ: 24 ਦੀ ਟਿਪਣੀ ।

(1) ਖੀਰਾਮਲਕ ਦਾ ਅਰਥ ਹੈ ਦੁੱਧੀਆ ਆਉਲਾ, ਜਿਸ ਵਿਚ ਗੁਠਲੀ ਨਾਂ ਪਈ ਹੋਵੇ ਇਸ ਦਾ ਪਾਣੀ ਅੱਖਾਂ ਤੇ ਸਿਰ ਧੋਣ ਲਈ ਵਰਤਿਆ ਜਾਂਦਾ ਹੈ ।

(2) ਜੋ ਵਸਤਾਂ ਇਕ ਵਾਰ ਕੰਮ ਆਉਂਦੀਆਂ ਹਨ ਉਹ ਉਪਯੋਗ ਅਖਵਾਉਦੀਆਂ ਹਨ

ਯੋਗ ਤੇਲਾਂ ਦਾ ਤਿਆਗ ਕਰ ਦਿਤਾ ।25।

ਇਸਤੋਂ ਬਾਅਦ ਵਟਨੇ ਯੋਗ ਚੀਜਾਂ ਦੀ ਹੱਦ ਨਿਸ਼ਚਿਤ ਕੀਤੀ ਕਣਕ ਦੇ ਆਟੇ ਤੋਂ ਬਣੇ ਸੁਗੰਧਿਤ ਵਟਣੇ ਤੋਂ ਛੂਟ ਹਰ ਪ੍ਰਕਾਰ ਦੇ ਵਟਣੇ ਦਾ ਤਿਆਗ ਕਰਦਾ ਹਾਂ ।26।

ਇਸਤੋਂ ਬਾਅਦ ਇਸ਼ਨਾਨ ਯੋਗ ਪਾਣੀ ਦੀ ਹੱਦ ਨਿਸਚਿਤ ਕੀਤੀ ਅੱਠ ਉੱਠ ਦੇ ਮੂੰਹ ਵਰਗੇ ਵਰਤਨਾਂ ਤੋਂ ਛੂਟ ਬਾਕੀ ਪਾਣੀਆਂ ਦਾ ਤਿਆਗ ਕਰਦਾ ਹਾਂ ।27।

---

ਜਿਵੇਂ ਭੋਜਨ, ਪਾਣੀ, ਮਾਲਿਸ਼ ।

(2) ਜੋ ਵਸਤਾਂ ਵਾਰ ਵਾਰ ਕੰਮ ਆਉਂਦੀਆਂ ਹਨ ਉਹ ਪਰਿਭੋਗ ਹਨ ਜਿਵੇਂ ਕਪੜੇ ਭਾਂਡੇ, ਮੰਜਾ ਆਦਿ । ਅਚਾਰੀਆ ਅਭੈ ਦੇਵ ਸੂਰੀ ਨੇ ਉਪਭੋਗ ਪਰਿਭੋਗ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ । उवभोग परिभोग त्ति, उपभुज्यते पौन: पुन्येन सेव्यत इत्युपभोगो भवनवसननितादि: । परिभुज्यत इति परिभोग: आहारकुसुमविलेपनादि: वा व्याख्येय व्यत्ययो इति ।

ਪਾਠ ਨੰ 25 ਦੀ ਟਿਪਣੀ ।

(2) ਸ਼ਤਪਾਦ ਤੇ ਸ਼ਹਸਤਰ ਪਾਕ ਤੇਲ ਦੀ ਵਿਧੀ ਵਿਰਤੀਕਾਰਨੇ ਇਸ ਪ੍ਰਕਾਰ ਆਖੀ ਹੈ ਜੋ ਤੇਲ ਸੋ ਵਸਤਾਂ ਨੂੰ ਲੈਕੇ 100 ਵਾਰ ਪਕਾਇਆ ਜਾਵੇ ਉਹ ਸ਼ਤਪਾਕ ਹੈ ਇਸ ਪ੍ਰਕਾਰ ਸ਼ਹਸਰਪਾਕ ਵਾਰੇ ਸਮਝਣਾ ਚਾਹੀਦਾ ਹੈ ਜਿਸ ਦਾ ਮੂਲ ਸੌ ਕਾਰਸ਼ਾਅਰਪਣ (ਸੋਨੇ ਦੀਆਂ ਮੋਹਰਾਂ ਹੈ ।) द्रव्य शतस्य सतकं क्वाथशतेन सह यत्पच्यते कार्षापण-शतेन वा तच्शतपाकम् एवं सहस्त्रपाकमपि ।

(3) ਸੁਗੰਧਿਤ ਵਟਨਾ ਬਨਾਉਣ ਦਾ ਢੰਗ ਇਸ ਪ੍ਰਕਾਰ ਹੈ । ਨੀਲ ਕਮਲ, ਕੁਸ਼ਟ ਆਦਿ ਦਵਾਈਆਂ ਦੇ ਚੂਰਨ ਤੇ ਕਣਕ ਦਾ ਆਟਾ ਮਿਲਾਕੇ ਤਿਆਰ ਕੀਤਾ ਜਾਂਦਾ ਹੈ ਵਿਰਤੀ ਕਾਰ ਆਖਦੇ ਹਨ गंधट्टएणं त्ति गन्ध द्रव्याणामुत्पकुष्टादिनां अट्टओ त्ति चुर्णं गोधूम वा चूर्णे गन्धयुक्तं तस्माद् ।

ਪਾਠ ਨੰ. 27 ਦੀ ਟਿਪਣੀ ।

1. ਉੱਠ ਦੇ ਮੂੰਹ ਦੇ ਆਕਾਰ ਦਾ ਪਾਤਰ ਜਿਸਦਾ ਮੂੰਹ ਛੋਟਾ, ਗਰਦਨ ਲੰਬੀ ਹੇਠ ਦਾ ਹਿੱਸਾ ਵੱਡਾ ਹੁੰਦਾ ਹੈ ।

ਇਸਤੋਂ ਬਾਅਦ ਇਸ਼ਨਾਨ ਯੋਗ ਪਾਣੀ ਦੀ ਹੱਦ ਨਿਸਚਿਤ ਕੀਤੀ। ਅੱਠ ਉਠ ਦੇ ਮੂੰਹ ਵਰਗੇ ਘੜੇ ਤੋਂ ਛੁਟ ਬਾਕੀ ਪਾਣੀਆਂ ਦਾ ਤਿਆਗ ਕਰਦਾ ਹਾਂ।28।

ਇਸਤੋਂ ਬਾਅਦ ਕਸ਼ੋਮ ਯੁਗਲ ਵਿਧੀ (ਪਹਿਨਣਯੋਗ ਸੂਤੀ ਕਪੜਿਆਂ) ਦੀ ਹੱਦ ਨਿਸ਼ਚਿਤ ਕੀਤੀ। ਅਲਸੀ (ਕਪਾਹ) ਦੇ ਬਣੇ ਕਪੜਿਆਂ ਤੋਂ ਛੁਟ ਹਰ ਤਰਾਂ ਦੇ ਕਪੜੇ ਦਾ ਤਿਆਗ ਕਰ ਦਿਤਾ।29।

ਇਸਤੋਂ ਬਾਅਦ ਵਿਲੇਪਨ ਵਿਧੀ (ਲੇਖ ਕਰਨ ਯੋਗ ਵਸਤਾਂ) ਦੀ ਹੱਦ ਨਿਸ਼ਚਿਤ ਕੀਤੀ। ਸਫੇਦ ਕਮਲ ਅਤੇ ਮਾਲਤੀ ਦੇ ਫੁੱਲਾਂ ਦੇ ਹਾਰਾਂ ਤੋਂ ਛੁਟ ਹਰ ਤਰਾਂ ਦੇ ਫੁਲਾਂ ਦਾ ਤਿਆਗ ਕਰ ਦਿਤਾ।30।

ਇਸਤੋਂ ਬਾਅਦ ਆਭਰਣ ਵਿਧੀ (ਨਿਤ ਵਰਤੋਂ ਦੇ ਗਹਿਣੇ) ਦੀ ਹੱਦ ਨਿਸ਼ਚਿਤ ਕਰ ਦਿਤੀ, ਸੋਨੇ ਦੇ ਕੁੰਡਲ ਅਤੇ ਆਪਣੇ ਨਾਉਂ ਵਾਲੀ ਅੰਗੂਠੀ (ਛਾਪ) ਤੋਂ ਛੁਟ ਹਰ ਪ੍ਰਕਾਰ ਦੇ ਗਹਿਣਿਆਂ ਦਾ ਤਿਆਗ ਕਰ ਦਿਤਾ।31।

ਇਸਤੋਂ ਬਾਅਦ ਭੋਜਨ ਵਿਧੀ (ਪੀਣ ਯੋਗ ਵਸਤਾਂ) ਦੀ ਹੱਦ ਨਿਸਚਿਤ ਕੀਤੀ ਮੂੰਗੀ ਜਾਂ ਚੌਲ ਦੇ ਬਣੇ ਪੀਣ ਯੋਗ ਪਦਾਰਥਾਂ ਤੋਂ ਛੁਟ ਹਰ ਪ੍ਰਕਾਰ ਦੇ ਪੀਣ ਯੋਗ ਪਦਾਰਥਾਂ ਦਾ ਤਿਆਗ ਕਰ ਦਿਤਾ।32।

ਇਸਤੋਂ ਬਾਅਦ ਧੂਪ ਵਿਧੀ ਦੀ ਹੱਦ ਨਿਸ਼ਚਿਤ ਕੀਤੀ। ਅਗਰ, ਲੋਵਾਨ; ਧੂਪ ਆਦਿ ਤੋਂ ਛੁਟ ਹਰ ਪ੍ਰਕਾਰ ਦੀ ਧੂਪ ਦਾ ਤਿਆਗ ਕੀਤਾ।33।

ਇਸਤੋਂ ਬਾਅਦ ਭੋਜਨ ਵਿਧੀ (ਪਕਵਾਨ) ਦੀ ਹੱਦ ਨਿਸ਼ਚਿਤ ਕੀਤੀ। ਘਿਊਰ ਅਤੇ ਖਾਜੇ ਤੋਂ ਛੁਟ ਹਰ ਤਰ੍ਹਾਂ ਦੇ ਪਕਵਾਨਾਂ ਦਾ ਤਿਆਗ ਕਰ ਦਿਤਾ।34।

ਇਸਤੋਂ ਬਾਅਦ ਔਦਨ ਵਿਧੀ (ਚੌਲਾਂ ਦੀਆਂ ਭਿੰਨ-ਭਿੰਨ ਕਿਸਮ) ਦੀ ਹੱਦ ਨਿਸ਼ਚਿਤ ਕੀਤੀ। ਕਲਮ ਕਿਸਮ ਦੇ ਚੌਲਾਂ ਤੋਂ ਛੁਟ ਹਰ ਕਿਸਮ ਦੇ ਚੌਲਾਂ ਦਾ ਤਿਆਗ ਕਰ ਦਿਤਾ।35।

---

ਪਾਠ ਨੰ: 28 ਦੀ ਟਿਪਣੀ।

2. ਕਸ਼ੋਮ ਯੁਗਲ ਤੋਂ ਭਾਵ ਕਪਾਹ ਦੇ ਬਣੇ ਕਪੜਿਆਂ ਦਾ ਜੋੜਾ ਹੈ। ਵਿਰਤੀਕਾਰ ਇਸ ਪ੍ਰਕਾਰ ਆਖਦਾ ਹੈ। खेमजुयतेण ति कार्पसिक वस्त्रयुगलादन्यत्र।

3. ਮ੍ਰਿਸਟ ਤੋਂ ਭਾਵ ਬਿਨਾਂ ਸਜਾਵਟ ਤੋਂ ਸ਼ੁੱਧ ਸੋਨੇ ਦਾ ਗਹਿਣਾ। ਵਿਰਤੀਕਾਰ ਇਸ ਪ੍ਰਕਾਰ ਆਖਦਾ ਹੈ। मष्टाभ्याम्—अचित्रवद्भ्यां कर्णा भरणविशेषाभ्यां

ਇਸਦੇ ਬਾਅਦ ਸੂਪ ਵਿਧੀ (ਦਾਲਾਂ) ਦੀ ਹੱਦ ਨਿਸ਼ਚਿਤ ਕੀਤੀ। ਮਟਰ, ਮੂੰਗੀ ਅਤੇ ਉੜਦ ਦੀ ਦਾਲ ਤੋਂ ਛੁਟ ਹਰ ਪ੍ਰਕਾਰ ਦੀ ਦਾਲਾਂ ਦਾ ਤਿਆਗ ਕਰ ਦਿੱਤਾ।36।

ਇਸਤੋਂ ਬਾਅਦ ਘ੍ਰਿਤਾਵਿਧੀ (ਘੀ) ਦੀ ਹੱਦ ਨਿਸ਼ਚਿਤ ਕੀਤੀ। ਦਾਨੇਦਾਰ ਗਾਂ ਦੇ ਘਿਓ ਤੋਂ ਛੁਟ ਹਰ ਪ੍ਰਕਾਰ ਦੇ ਘਿਓ ਦਾ ਤਿਆਗ ਕਰ ਦਿਤਾ।37।

ਇਸਤੋਂ ਬਾਅਦ ਸਾਕ ਵਿਧੀ (ਸਾਗ) ਦੀ ਹੱਦ ਨਿਸ਼ਚਿਤ ਕੀਤੀ। ਬਾਥੂ ਚੁਚੁ ਘਈਆ, ਸੋਵਸਤਿਕ ਅਤੇ ਮੰਡੂਕਿਕ ਤੋਂ ਛੁਟ ਹਰ ਪ੍ਰਕਾਰ ਦੇ ਸਾਗਾਂ ਦਾ ਤਿਆਗ ਕਰ ਦਿਤਾ।38।

ਇਸਤੋਂ ਬਾਅਦ ਮਾਧੁਰਕਵਿਧੀ (ਮਿੱਠੇ ਪਦਾਰਥਾਂ) ਦੀ ਹੱਦ ਨਿਸ਼ਚਿਤ ਕੀਤੀ। ਪਾਲੰਗਾ ਨਾਂ ਦੇ ਮਿੱਠੇ ਤੋਂ ਛੁਟ ਹਰ ਪ੍ਰਕਾਰ ਦੇ ਮਿੱਠੇ ਦਾ ਤਿਆਗ ਕਰ ਦਿਤਾ।39।

ਇਸਤੋਂ ਬਾਅਦ ਜੇਮਨ ਵਿਧੀ (ਜੀਭ ਦੀ ਸੁਆਦ ਲਈ ਖਾਏ ਜਾਨ ਵਾਲੇ) ਪਦਾਰਥਾਂ ਦੀ ਹੱਦ ਨਿਸਚਿਤ ਕੀਤੀ। ਸੇਧਾ ਅਮਲ ਤੇ ਦਾਲਿਕਾਅਮਲ ਤੋਂ ਸਭ ਪ੍ਰਕਾਰ ਦੇ ਪਦਾਰਥਾਂ ਦਾ ਤਿਆਗ ਕਰ ਦਿੱਤਾ।40।

ਇਸਤੋਂ ਬਾਅਦ ਪਾਇਆ ਵਿਧੀ (ਪੀਣ ਦੇ ਪਾਣੀ) ਦੀ ਹੱਦ ਨਿਸ਼ਚਿਤ ਕੀਤੀ। ਵਰਖਾ ਦੇ ਪਾਣੀ ਤੋਂ ਛੁਟ ਹਰ ਕਿਸਮ ਦੇ ਪਾਣੀ ਦਾ ਤਿਆਗ ਕਰ ਦਿਤਾ।41।

---

ਪਾਠ ਨੰ: 36 ਦੀ ਟਿੱਪਣੀ

4. ਭੋਜਨ ਵਿਧੀ ਤੋਂ ਭਾਵ ਮੂੰਗੀ ਆਦਿ ਪਾਣੀ ਰਾਹੀਂ ਘੀ ਵਿਚ ਤਲੇ ਚੌਲਾਂ ਰਾਹੀਂ ਬਣਾਇਆ ਸੂਪ। ਕਈ ਥਾਂ ਕਾਠਪਜਾਏ ਦਾ ਅਰਥ ਕਾਂਝੀ ਜਾਂ ਤਿਰਫਲਾ ਦੇ ਕਾੜ੍ਹੇ ਤੋਂ ਵੀ ਲਿਆ ਜਾਂਦਾ ਹੈ।

1. ਕਲਾਏਸੁਵੇ (कलायसुवे) ਦਾ ਭਾਵ ਛੋਲਿਆਂ ਦੇ ਆਕਾਰ ਦੀ ਹਰ ਪ੍ਰਕਾਰ ਦੀ ਦਾਲ ਨੂੰ ਕਲਾਏ ਆਖਦੇ ਹਨ ਵਿਰਤੀਕਾਰ ਅਨੁਸਾਰ कलायसूवे त्ति कलाया: मणकाकारा धान्यविशेषा।

2. सारइएणं गोधयमंडेणं ਤੋਂ ਭਾਵ ਸਰਦੀ ਵਿਚ ਤਿਆਰ ਕੀਤਾ ਉਤਮ ਗਊ ਦੇ ਘਿਓ ਦਾ ਸਾਰ। ਵਿਰਤੀਕਾਰ ਇਸ ਵਾਰੇ ਇਓਂ ਫਰਮਾਉਂਦੇ ਹਨ।

साइएणं गोधयमण्डेणं त्ति शारदिकेन शरत्कालात्पन्नेन गोघृतमण्डेण गोघृतसारेण।

ਪਾਠ ਨੰ. 38 ਦੀ ਟਿਪਣੀ।

1. ਮਾਧੁਰਿਕ ਸ਼ਬਦ ਤੋਂ ਭਾਵ ਗੁੜ, ਚੀਨੀ, ਮਿਸਰੀ ਆਦਿ ਮਿਠੇ ਤੋਂ ਹੈ।

ਇਸਤੋਂ ਬਾਅਦ ਮੁਖਵਾਸ ਵਿਧੀ (ਖਾਣ ਵਾਲੇ ਸੁਗੰਧਿਤ ਪਦਾਰਥਾਂ) ਦੀ ਹੱਦ ਨਿਸ਼ਚਿਤ ਕੀਤੀ ਅਲੈਚੀ, ਲੌਂਗ, ਕਪੂਰ, ਕੰਕੋਲ, ਜੈਫਲ ਵਾਲੇ ਪਦਾਰਥਾਂ ਦੇ ਪਾਨ ਤੋਂ ਛੁਟ ਹਰ ਪ੍ਰਕਾਰ ਦੇ ਪਾਨ ਦਾ ਤਿਆਗ ਕਰ ਦਿਤਾ। 42।

ਇਸਤੋਂ ਬਾਅਦ ਆਨੰਦ ਦੇ ਚਾਰ ਪ੍ਰਕਾਰ ਦੇ ਅਨਰਥ ਦੰਡਪਰਿਮਾਣ ਨਾਂ ਦੇ ਵਰਤ ਦਾ ਤਿਆਗ ਕੀਤਾ। ਇਹ ਚਾਰ ਪ੍ਰਕਾਰ ਦੇ ਹਨ। (1) ਅਪਧਿਆਨ (ग्रप्ध्यान) ਚਾਰਿਤ (2) ਪ੍ਰਮਾਦ (प्रमाद) ਚਾਰਿਤ, (3) ਹਿੰਸਕ (हिंस्र) ਸ਼ਸਤਰ, (4) ਪਾਪ ਕਰਮਾਂ (पापकर्मोदेश) ਦਾ ਉਪਦੇਸ਼ ਕਰਨਾ। 43।

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਆਨੰਦ ਸ਼੍ਰਮਣ ਦੇ ਉਪਾਸਕ ਨੂੰ ਇਸ ਪ੍ਰਕਾਰ ਕਿਹਾ—"ਹੇ ਆਨੰਦ, ਜੀਵ ਅਜੀਵ ਆਦਿ ਪਰਾਰਥਾਂ ਦਾ ਸਵਰੂਪ ਜਾਨਣ ਵਾਲੇ ਧਰਮ ਦੇ ਪੱਕੇ ਅਤੇ ਮਰਿਆਦਾ ਵਿਚ ਪੱਕੇ ਰਹਿਨ ਵਾਲੇ ਸ਼੍ਰਮਣਾਂ ਦੇ ਉਪਾਸਕ ਨੂੰ ਸੱਮਿਅਕਤਵ (ਗਿਆਨ, ਦਰਸ਼ਨ ਤੇ ਚਾਰਿੱਤਰ) ਦੇ ਪੰਜ ਮੁਖ ਅਤਿਆਚਾਰ (ਦੋਸ਼ਾਂ) ਜਾਨ ਲੈਣੇ ਤਾਂ ਚਾਹੀਦੇ ਹਨ ਪਰ ਇਨਾਂ ਦੋਸ਼ਾਂ ਤੋਂ ਦੂਰ ਰਹਿਨਾ ਚਾਹੀਦਾ ਹੈ। ਉਹ ਦੋਸ਼ ਇਸ ਪ੍ਰਕਾਰ ਹਨ। (1) ਸ਼ੰਕਾ, (2) ਕਾਂਕਸ਼ਾ, (3) ਵੀਚਕਿਤਸਾ, (4) ਪਰ ਪਾਸੰਡ ਪ੍ਰਸ਼ੰਸਾ ਅਤੇ (5) ਪਰਪਾਸਸੰਡ ਸੰਸਤਵ।44।

---

ਪਾਠ ਨੰ: 40 ਦੀ ਟਿਪਣੀ

1. ਜੇਮਨ ਤੋਂ ਭਾਵ ਚਾਟ, ਭਲਿਆਂ ਆਦਿ ਤੋਂ ਹੈ (ਸਾਧਾਅਮਲ) ਤੋਂ ਭਾਵ ਹੈ ਪਕੌੜੇ ਜਾਂ ਬੜੇ, ਜਿਨ੍ਹਾਂ ਵਿਚ ਖਟਾਈ ਪਾਈ ਜਾਂਦੀ ਹੈ ਆਮ ਬੋਲਚਾਲ ਵਿਚ ਇਸ ਨੂੰ ਕਾਂਜੀ ਬੜਾ ਆਖਿਆ ਜਾਂਦਾ ਹੈ।

2. ਦਾਲਿਕਾਅਮਨ ਉਹ ਪਕੌੜੇ ਹਨ ਜੋ ਤੇਲ ਵਿਚ ਤਲੇ ਜਾਂਦੇ ਹਨ ਖਟਾਈ ਦਾ ਇਸਤੇਮਾਲ ਇਨਾਂ ਨਾਲ ਵੀ ਕੀਤਾ ਜਾਂਦਾ ਹੈ ਮਾਰਵਾੜ ਵਿਚ ਇਸੇ ਨੂੰ ਦਾਲੀਆ ਕਿਹਾ ਜਾਂਦਾ ਹੈ।

ਪੰਜ ਸੁਗੰਧ ਵਾਲੇ ਪਦਾਰਥ ਹਨ ਕੰਕੋਲ, ਕਾਲੀ ਮਿਰਚ, ਅਲੈਚੀ, ਜਾਤੀਫਲ, ਕਪੂਰ।

3. ਬਿਨਾਂ ਕਿਸੇ ਛੁੱਟ ਕਾਰਨ, ਬਿਨਾ ਕਸੂਰ ਤੋਂ ਕਿਸੇ ਜੀਵ ਨੂੰ ਨਜਾਇਜ਼ ਤੰਗ ਕਰਨਾ ਅਨਰਥ ਦੰਡ ਹੈ।

ਪਾਠ ਨੰ. 43 ਦੀ ਟਿੱਪਣੀ ।

1. ਅਪਧਿਆਨ ਚਾਰਿਤ ਬਿਨਾਂ ਕਾਰਣ ਚਿੰਤਾ ਕਰਨਾ ਜਾਂ ਦੁਖੀ ਹੋਣਾ ।

ਇਹ ਦੋ ਪ੍ਰਕਾਰ ਦਾ ਹੈ । (1) ਆਰਤ ਧਿਆਨ (ਧਨ, ਸੇਹਤ) ਔਲਾਦ ਲਈ ਰੋਗ ਗਰੀਬੀ, ਅਤੇ ਵਿਛੋੜੇ ਕਾਰਨ ਦੁਖੀ ਹੋਣਾ, (2) ਰੋਦਰ ਧਿਆਨ ਕਰੋਧ ਦੁਸ਼ਮਨੀ ਆਦਿ ਕਾਰਣ ਕਿਸੇ ਨੂੰ ਨੁਕਸਾਨ ਪਹੁੰਚਾਨ ਦੀ ਭਾਵਨਾ ।

2. ਪ੍ਰਮਾਦਾਚਰਿਤ ਪ੍ਰਮਾਦ ਤੋਂ ਭਾਵ ਗਫਲਤ ਜਾਂ ਅਣਗਹਿਲੀ ਵਸ ਖਾਲੀ ਸਮੇਂ ਨਿੰਦਾ ਕਰਨਾ, ਸ਼ਿੰਗਾਰ ਦੀਆਂ ਗੱਲਾਂ ਕਰਨਾ, ਅਪਣਾ ਕਰਤੱਵ ਤਿਆਗ ਕੇ ਦੂਸਰਿਆਂ ਦੇ ਮਾਮਲੇ ਵਿਚ ਉਲਝਨਾ, ਆਦਿ ਇਸ ਵਿਚ ਸ਼ਾਮਲ ਹਨ ।

3. ਹਿਸੰਰਪ੍ਰਦਾਨ-ਚੋਰ, ਡਾਕੂ ਤੇ ਸ਼ਿਕਾਰੀ ਦੀ ਹਥਿਆਰ ਜਾਂ ਹੋਰ ਢੰਗ ਰਾਹੀਂ ਮਦੱਦ ਕਰਨਾ, ਜਿਸ ਨਾਲ ਉਸਨੂੰ ਹਿੰਸਾ ਕਰਨ ਦਾ ਮੌਕਾ ਮਿਲੇ ।

4. ਪਾਪਕਰਮੋਉਪਦੇਸ਼-ਪਾਪਾਂ ਦਾ ਉਪਦੇਸ਼ ਕਰਨਾ, ਪਸ਼ੂ, ਪੰਛੀਆਂ, ਮਨੁੱਖਾਂ ਨੂੰ ਬਿਨਾਂ ਕਾਰਣ ਕਸ਼ਟ ਦੇਣ ਦਾ ਉਪਦੇਸ਼ ਦੇਨਾ, ਸ਼ਿਕਾਰੀ ਨੂੰ ਸ਼ਿਕਾਰ ਦੱਸਨਾ, ਕਿਸੇ ਪਾਗਲ ਦੇ ਇੱਟਾਂ, ਪੱਥਰ ਮਾਰਨ ਦੀ ਪ੍ਰੇਰਨਾ ਇਸ ਵਿਚ ਸ਼ਾਮਲ ਹੈ ।

1. ਜੈਨ ਧਰਮ ਵਿਚ ਪ੍ਰਮੁੱਖ 9 ਤੱਤ ਮਨੇ ਗਏ ਹਨ (1) ਜੀਵ, (2) ਅਜੀਵ, (3) ਪੁੰਨ, (4) ਪਾਪ, (5) ਆਸਰਵ, (6) ਸੰਵਰ, (7) ਨਿਰਜਰਾ, (8) ਮੋਕਸ਼ (9) ਬੰਧ ।

ਜੈਨ ਧਰਮ ਦੇ ਉਪਾਸਕ ਨੂੰ ਇਨਾਂ ਨੌ ਤੱਤਾਂ ਬਾਰੇ ਜਾਨਣਾ ਬੇਹੱਦ ਜਰੂਰੀ ਹੈ ।

ਪਾਠ ਨੰ. 44 ਦੀ ਟਿਪਣੀ ।

(1) ਸ਼ੰਕਾ—ਇਸਤੋਂ ਭਾਵ ਜੈਨ ਧਰਮ, ਦਰਸ਼ਨ, ਤੀਰਥੰਕਰਾਂ, ਸਿੱਧ ਸੰਬੰਧੀ ਕਿਸੇ ਪ੍ਰਕਾਰ ਦਾ ਸ਼ਕ ਕਰਨਾ ਹੈ, ਭਾਵ ਸਰਵੱਗਾਂ ਦੀ ਬਾਣੀ ਪ੍ਰਤਿ ਸ਼ੱਕ ਕਰਨ ਵਾਲਾ, ਜੈਨ ਧਰਮ ਦਾ, ਵਿਧੀ ਅਨੁਸਾਰ ਪਾਲਨ ਨਹੀਂ ਕਰ ਸਕਦਾ ਹੈ ਧਰਮ ਪ੍ਰਤਿ ਸੱਚੀ ਸ਼ਰਧਾ ਰਖਣੀ ਚਾਹੀਦੀ ਹੈ ।

(2) ਕਾਂਕਸ਼ਾ—ਭਾਵ ਲਾਲਚ ਵਸ, ਆਪਣਾ ਧਰਮ ਛਡ ਕੇ ਦੂਸਰਾ ਧਰਮ ਗ੍ਰਹਿਣ ਕਰਨਾ ਜਾਂ ਦੂਸਰੇ ਧਰਮਾਂ ਦੇ ਬਾਹਰਲੇ ਆਡੰਬਰਾਂ ਨੂੰ ਵੇਖਕੇ ਪ੍ਰਭਾਵਿਤ ਹੋਣਾ ।

(3) ਵਚੀਕਿੱਤਸਾ—ਧਰਮ-ਕਰਮ ਦੇ ਫੱਲ ਪ੍ਰਤਿ ਸ਼ਕ ਕਰਨਾ । ਤਪੱਸਿਆ ਆਦਿ